ੴ ਵਾਹਿਗੁਰੂ ਜੀ ਕੀ ਫ਼ਤਿਹ

ਗੁਰਮਤਿ ਐਲੀਮੈਂਟਰੀ ਕੋਰਸ

(ਭਾਗ–6ਵਾਂ)

GURMAT ELEMENTARY COURSE

(CORRESPONDENCE COURSE)

LESSON 6

ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤ

ੴ

GIAN

ਗੁਰਮਤਿ ਗਿਆਨ

ਪਿਆਰ ਭਰਿਆ ਸਮਰਪਣ:

ਗਿਆਨੀ ਜਗਜੀਤ ਸਿੰਘ ਸਿਦਕੀ

ਪ੍ਰਿੰਸੀਪਲ ਕੰਵਰ ਮਹਿੰਦਰ ਪ੍ਰਤਾਪ ਸਿੰਘ

ਬੀਬੀ ਮਨਰਾਜ ਕੌਰ

---- ਪ੍ਰਕਾਸ਼ਕ ----

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਲੁਧਿਆਣਾ–141013 **ਫੋਨ :** 0161–2521700

E-mail: gurmatgian@rediffmail.com

Web: www.gurmatgian.org

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਮਈ 2022 30/- ਰੁਪਏ

ਤਤਕਰਾ

ਵਿਸ਼ਾ ਸੂਚੀ	ਪੰਨਾ
ਇਤਿਹਾਸ	
1. ਗੁਰੂ ਹਰਿਗੋਬਿੰਦ ਸਾਹਿਬ ਜੀ	3
2. ਬੀਬੀ ਵੀਰੋ ਜੀ	8
3. ਭਾਈ ਬਿਧੀ ਚੰਦ ਜੀ	9
4. ਸੱਚਾ ਪਾਤਸ਼ਾਹ ਜੀ	13
5. ਬੀਬੀ ਕੌਲਾਂ ਜੀ	16
6. ਭਾਈ ਤਿਲਕਾ ਜੀ	17
7. ਭਾਈ ਮਨੀ ਸਿੰਘ ਜੀ	20
8. ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਜੀ	24
ਫਿਲਾਸਫੀ	
9. ਜੀਵਨ ਮਨੋਰਥ	28
10. ਮੀਰੀ ਪੀਰੀ ਦਾ ਸਿਧਾਂਤ	31
ਸ਼ਬਦ ਵੀਚਾਰ	
11. ਜਾ ਕਉ ਹਰਿ ਰੰਗੁ ਲਾਗੋ	35
12. ਕਾਹੇ ਰੇ ਬਨ ਖੋਜਨ ਜਾਈ॥	37
13. ਏ ਮਨ ਚੰਚਲਾ ...	38
14. ਭਲੀ ਸੁਹਾਵੀ ਛਾਪਰੀ ...	38
15. ਏਕ ਅਨੇਕ ਬਿਆਪਕ ਪੂਰਕ ...	39
ਜੀਵਨ ਵਿਕਾਸ	
16. ਜੀਵਨ ਦੀ ਮਹਿਕ	41
ਪ੍ਰਸ਼ਨ ਪੱਤਰ	48

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਮੂਲ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹਨ।

(ਇਸ ਪੁਸਤਕ ਵਿਚ ਦਿੱਤੀਆਂ ਗਈਆਂ ਇਤਿਹਾਸਕ ਮਿਤੀਆਂ ਪੁਰਾਣੀ ਅੰਗ੍ਰੇਜ਼ੀ ਮਿਤੀਆਂ ਤੋਂ ਲਗਭਗ 15 ਦਿਨਾਂ ਦੇ ਫਰਕ ਨਾਲ ਲਈਆਂ ਗਈਆਂ ਹਨ, ਕਿਉਂ ਜੋ ਮੌਜੂਦਾ ਨਾਨਕਸ਼ਾਹੀ ਕੈਲੰਡਰ ਵਾਲੀਆਂ ਤੇ ਪੁਰਾਤਨ ਮਿਤੀਆਂ ਦੇ ਮਲਾਨ ਦਾ ਇੰਨੇ ਦਿਨਾਂ ਦਾ ਅੰਤਰ ਹੈ। ਕਿਉਂਕਿ 1752 ਈ. ਵਿਚ ਅੰਗ੍ਰੇਜ਼ਾਂ ਨੇ ਆਪਣੀਆਂ ਮਿਤੀਆਂ ਵਿਚ ਦੋ ਹਫਤੇ ਦਾ ਫਰਕ ਪਾ ਕੇ ਅੰਤਰਰਾਸ਼ਟਰੀ ਕੈਲੰਡਰ ਨੂੰ ਅਪਣਾਇਆ ਸੀ।)

1. ਗੁਰੂ ਹਰਿਗੋਬਿੰਦ ਸਾਹਿਬ ਜੀ

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 5 ਜੁਲਾਈ, ਸੰਨ 1595 ਨੂੰ ਪਿੰਡ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁਖੋਂ ਹੋਇਆ। ਆਪ ਜੀ ਦੇ ਤਾਇਆ ਭਾਈ ਪ੍ਰਿਥੀ ਚੰਦ ਨੇ ਬਚਪਨ ਵਿਚ ਆਪ ਤੇ ਬੜੇ ਮਾਰੂ ਵਾਰ ਕੀਤੇ। ਪਹਿਲਾਂ ਦਾਈ ਨੂੰ ਭੇਜਿਆ ਕਿ, ਉਹ ਆਪਣੇ ਥਣਾਂ ਤੇ ਜ਼ਹਿਰ ਲਾ ਕੇ ਬਾਲ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਦੁੱਧ ਪਿਆਏ, ਪਰ ਆਪ ਨੇ ਦੁੱਧ ਨਾ ਪੀਤਾ ਤੇ ਜ਼ਹਿਰ ਉਲਟਾ ਦਾਈ ਨੂੰ ਚੜ੍ਹ ਗਿਆ ਤੇ ਉਹ ਮਰ ਗਈ। ਦੂਸਰੀ ਵਾਰ ਭਾਈ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਭੇਜਿਆ ਕਿ ਉਹ ਬਾਲਕ ਕੋਲ ਜ਼ਹਿਰੀਲਾ ਸੱਪ ਛੱਡੇ, ਪਰ ਸੇਵਾਦਾਰਾਂ ਨੂੰ ਪਤਾ ਲੱਗ ਜਾਣ ਤੇ ਸੱਪ ਨੂੰ ਮਾਰ ਦਿੱਤਾ ਗਿਆ। ਤੀਜੀ ਵਾਰ ਬ੍ਰਾਹਮਣ ਖਿਡਾਵੇ ਨੂੰ ਲਾਲਚ ਦੇ ਕੇ ਦਹੀਂ ਵਿਚ ਜ਼ਹਿਰ ਪਾ ਕੇ ਪਿਆਉਣ ਲਈ ਭੇਜਿਆ, ਪਰ ਬਾਲ ਗੁਰੂ ਸਾਹਿਬ ਨੇ ਦਹੀਂ ਨੂੰ ਮੂੰਹ ਨਾ ਲਾਇਆ, ਬ੍ਰਾਹਮਣ ਨੂੰ ਐਸਾ ਸੂਲ ਪਿਆ ਕਿ ਉਹ ਸੂਲ ਨਾਲ ਹੀ ਮਰ ਗਿਆ। ਅਕਾਲ ਪੁਰਖ ਨੇ (ਗੁਰੂ) ਹਰਿਗੋਬਿੰਦ ਜੀ ਦੀ ਆਪ ਰੱਖਿਆ ਕੀਤੀ ਤੇ ਭਾਈ ਪ੍ਰਿਥੀ ਚੰਦ ਦੀ ਸਾਰੇ ਸ਼ਹਿਰ ਵਿਚ ਸਖ਼ਤ ਬਦਨਾਮੀ ਹੋਈ। ਜਦੋਂ ਆਪ ਨੂੰ ਸੀਤਲਾ ਨਿਕਲੀ, ਤਾਂ ਵੀ ਵਾਹਿਗੁਰੂ ਨੇ ਆਪ ਦੀ ਰੱਖਿਆ ਕੀਤੀ।

(ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਬਚਪਨ ਵਿਚ ਸਰੀਰਕ ਤੇ ਆਤਮਿਕ ਸਿਖਲਾਈ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਹੋਈ। ਬਚਪਨ ਵਿਚ ਹੀ ਆਪ ਨੂੰ ਤਲਵਾਰ, ਨੇਜ਼ਾ, ਬੰਦੂਕ, ਘੋੜ ਸਵਾਰੀ ਆਦਿ ਦੀ ਸਿੱਖਿਆ ਬਾਬਾ ਬੁੱਢਾ ਜੀ ਨੇ ਦਿੱਤੀ। ਗੁਰਬਾਣੀ ਅਭਿਆਸ, ਗੁਰਮੁਖੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਵਿਦਿਆ ਵੀ ਹਾਸਲ ਕੀਤੀ। ਬਾਬਾ ਬੁੱਢਾ ਜੀ ਦੀ ਸਿਰੀ ਸਾਹਿਬ ਅੱਜ ਵੀ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਸ਼ੁਸ਼ੋਭਿਤ ਹੈ।

ਜਦੋਂ ਗੁਰੂ ਅਰਜਨ ਸਾਹਿਬ ਸ਼ਹੀਦੀ ਦੇਣ ਲਈ ਤਿਆਰ ਹੋ ਕੇ ਲਾਹੌਰ ਜਾਣ ਲੱਗੇ, ਤਾਂ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿਕ ਮੁਖੀ ਸਿੱਖਾਂ ਵਿਚ ਹਕੂਮਤ ਨਾਲ ਸਿੱਧੀ ਟੱਕਰ ਹੋਣ ਬਾਰੇ ਵੀ ਸੰਭਾਵਨਾ ਦੱਸੀ। ਦਰਬਾਰ ਸਾਹਿਬ ਵਿਖੇ ਭਰੀ ਸੰਗਤ ਦੇ ਸਾਹਮਣੇ ਗੁਰਿਆਈ ਦੀ ਜ਼ਿੰਮੇਵਾਰੀ 11 ਸਾਲਾਂ ਦੀ ਉਮਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੌਂਪੀ। ਪ੍ਰਚਲਿਤ ਮਰਿਯਾਦਾ ਅਨੁਸਾਰ ਪੀਰੀ (ਗੁਰਤਾ) ਦੀ ਤਲਵਾਰ ਪਹਿਨਾਈ ਗਈ ਤੇ ਨਾਲ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਇਕ ਹੋਰ ਮੀਰੀ (ਬਾਦਸ਼ਾਹਤ) ਦੀ ਤਲਵਾਰ ਦੀ ਵੀ ਮੰਗ ਕੀਤੀ, ਜਿਹੜੀ ਕਿ ਬਾਬਾ ਬੁੱਢਾ ਜੀ ਨੇ ਪਹਿਨਾਈ। ਇਉਂ ਛੇਵੇਂ ਪਾਤਸ਼ਾਹ ਜੀ ਨੇ ਪੀਰੀ ਤੇ ਮੀਰੀ ਨੂੰ ਇਕੱਠਾ ਕਰਨ ਦਾ ਐਲਾਨ ਕਰ ਦਿੱਤਾ। ਮੀਰੀ ਤੇ ਪੀਰੀ ਦੀਆਂ ਤਲਵਾਰਾਂ ਇਕੱਠੀਆਂ ਹੋਣ

ਨਾਲ ਹੁਣ ਸਿੱਖ ਸਭਿਆਚਾਰ ਵਿਚ ਇਕ ਨਵਾਂ ਨਿਸ਼ਾਨ ਖੰਡਾ ਪ੍ਰਵਾਨ ਹੋਇਆ। ਜਿਹੜਾ ਸਿੱਖ ਸਭਿਆਚਾਰ ਦੇ ਆਧਾਰ ਤੇ ਨਿਵੇਕਲੀ ਸਿੱਖ ਫ਼ਿਲਾਸਫੀ ਨੂੰ ਜ਼ਾਹਿਰ ਕਰਦਾ ਹੈ। ਜੋ ਪੀਰੀ- ਮੀਰੀ ਦੇ ਸੁਮੇਲ ਨੂੰ ਸਾਫ ਦ੍ਰਿੜ੍ਹ ਕਰਾਉਣ ਲੱਗਾ ਅਤੇ ਸੰਗਤਾਂ ਇਸ ਨੂੰ ਧਾਰਨ ਕਰਨ ਲੱਗੀਆਂ।

ਜਨੂੰਨੀ ਮੁਸਲਮਾਨਾਂ ਦੇ ਕਹਿਣ ਤੇ ਜਹਾਂਗੀਰ ਨੇ ਲਾਹੌਰ ਵਿਖੇ ਤਿੰਨ ਫੁਰਮਾਨ ਜਾਰੀ ਕੀਤੇ ਸਨ: ਗੁਰੂ ਅਰਜਨ ਸਾਹਿਬ ਜੀ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਵੇ, ਗੁਰੂ ਪਰਿਵਾਰ ਨੂੰ ਕੈਦ ਕੀਤਾ ਜਾਵੇ, ਗੁਰੂ ਘਰ ਦੀ ਜਾਇਦਾਦ ਜ਼ਬਤ ਕਰ ਲਈ ਜਾਵੇ।

ਗੁਰੂ ਅਰਜਨ ਸਾਹਿਬ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ 16 ਜੂਨ, 1606 ਈ: ਨੂੰ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਸਾਹਿਬ ਦੀ ਸ਼ਹੀਦੀ ਨਾਲ ਸਾਰੀ ਸਿੱਖ ਕੌਮ ਵਿਚ ਅਤੇ ਗੁਰੂ ਸਾਹਿਬ ਜੀ ਦੇ ਮੁਸਲਮਾਨ ਨਿਕਟਵਰਤੀਆਂ ਵਿਚ ਇਸ ਸ਼ਹੀਦੀ ਨੂੰ ਬਰਦਾਸ਼ਤ ਨਾ ਹੋਣ ਕਰਕੇ ਹਕੂਮਤ ਦੇ ਵਿਰੁੱਧ ਇਕ ਜ਼ਬਰਦਸਤ ਲਹਿਰ ਉੱਠ ਪਈ। ਜਿਸ ਕਰਕੇ ਹਕੂਮਤ ਦਾ ਹੀਆ ਹੀ ਨਹੀਂ ਪਿਆ ਕਿ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਪਰਿਵਾਰ ਨੂੰ ਕੈਦ ਕਰ ਸਕੇ ਤੇ ਉਨ੍ਹਾਂ ਦਾ ਘਰ-ਬਾਰ ਜ਼ਬਤ ਕਰ ਸਕੇ। ਇਸ ਦੇ ਉਲਟ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ, ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਸੰਗਤਾਂ ਨੂੰ ਘੋੜੇ ਤੇ ਸ਼ਸ਼ਤਰ ਲੈ ਕੇ ਅੰਮ੍ਰਿਤਸਰ ਪਹੁੰਚਣ ਦਾ ਹੁਕਮ ਕੀਤਾ ਤੇ ਨਾਲ ਹੀ ਸ਼ਹੀਦੀ ਤੋਂ ਸਤਾਰਾਂ ਦਿਨਾਂ ਬਾਅਦ 2 ਜੁਲਾਈ 1606 ਈ: ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਅਕਾਲ ਤਖਤ ਸਾਹਿਬ ਜੀ ਦੀ ਨੀਂਹ ਰੱਖੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਜੋ ਅਕਾਲ ਤਖ਼ਤ ਸਾਹਿਬ ਬਣਵਾਇਆ, ਇਹ ਇਕ ਐਸਾ ਤਖ਼ਤ ਹੈ, ਜਿਸਦੇ ਦਰਸ਼ਨ ਕਰਨ ਨਾਲ ਹੀ ਸਿੱਖਾਂ ਦੇ ਹਿਰਦੇ ਵਿਚ ਰਾਜਸੀ ਠਾਠ ਦਾ ਪ੍ਰਭਾਵ ਪੈਦਾ ਹੋ ਜਾਂਦਾ ਹੈ। ਅਕਾਲ ਤਖ਼ਤ ਦੇ ਸਾਹਮਣੇ ਕਸਰਤਾਂ ਹੋਣ ਲੱਗੀਆਂ। ਢਾਡੀ, ਯੋਧਿਆਂ ਦੀਆ ਵਾਰਾਂ ਗਾ ਕੇ ਬੀਰ ਰਸ ਨਾਲ ਭਰਪੂਰ ਵਿਖਿਆਨ ਤੇ ਗਿਆਨ ਦੀਆਂ ਗੱਲਾਂ ਕਰਦੇ ਸਨ। ਸਤਿਗੁਰੂ ਜੀ ਨਾਲ ਸੰਗਤਾਂ ਸ਼ਿਕਾਰ ਖੇਡਣ ਜਾਣ ਲੱਗੀਆਂ। ਅਨੇਕਾਂ ਮੁਸਲਮਾਨ ਵੀ ਹਾਕਮਾਂ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਸੱਚੇ ਪਾਤਸ਼ਾਹ ਦੀ ਫੌਜ ਵਿਚ ਭਰਤੀ ਹੋਣ ਲੱਗੇ।

ਲੋਕਾਂ ਵਿਚ ਨਵੀਂ ਜਾਗਰਤੀ ਲਿਆਉਣ ਲਈ ਗੁਰੂ ਜੀ ਨੇ ਦੁਆਬੇ ਦੇ ਪਿੰਡਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਕਰਤਾਰਪੁਰ ਦੇ ਨੇੜੇ ਕਈ ਪਠਾਣਾਂ ਨੇ ਆਪਣੇ ਆਪ ਨੂੰ ਗੁਰੂ ਜੀ ਨੂੰ ਸਮਰਪਿਤ ਕੀਤਾ। ਪੈਂਦੇ ਖਾਨ ਵੀ ਇਹਨਾਂ ਪਠਾਣਾਂ ਵਿਚੋਂ ਇਕ ਸੀ। ਫਿਰ ਮਾਲਵੇ ਦੇ ਇਲਾਕੇ ਵਿਚ ਗਏ ਤੇ ਉਥੇ ਅਨੇਕਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ।

1616 ਈ: ਵਿਚ ਗੁਰੂ ਸਾਹਿਬ ਕਸ਼ਮੀਰ ਗਏ। ਕਸ਼ਮੀਰੀ ਲੋਕ ਗਿਲਟੀ ਤਾਪ

ਕਾਰਨ ਗਰੀਬੀ ਤੇ ਭੁੱਖ ਨਾਲ ਦੁਖੀ ਸਨ। ਸਤਿਗੁਰੂ ਜੀ ਨੇ ਆ ਰਹੀ ਦਸਵੰਧ ਦੀ ਮਾਇਆ ਦੁਖੀ ਲੋਕਾਂ ਤੇ ਖਰਚ ਕੀਤੀ। ਜਿਸ ਨਾਲ ਬੇਅੰਤ ਮੁਸਲਮਾਨ ਵੀ ਸਿੱਖ ਬਣੇ, ਜਿਨ੍ਹਾਂ ਵਿਚ ਭਾਈ ਕੱਟੂ ਦਾ ਨਾਮ ਪ੍ਰਸਿੱਧ ਹੈ। ਵਾਪਸੀ ਤੇ ਗੁਰੂ ਜੀ ਬਾਰਾਮੂਲੇ ਦੇ ਰਸਤੇ ਗੁਜਰਾਤ, ਵਜ਼ੀਰਾਬਾਦ ਤੇ ਹਾਫ਼ਜ਼ਾਬਾਦ ਹੁੰਦੇ ਹੋਏ ਨਨਕਾਣਾ ਸਾਹਿਬ ਪੁੱਜੇ। ਫਿਰ ਆਪ ਲਾਹੌਰ ਆਏ। ਲਾਹੌਰ ਵਿਚ ਗਿਲਟੀ ਤਾਪ ਜ਼ੋਰਾਂ ਤੇ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਜੀ ਵਾਂਗ ਲਾਹੌਰ ਰਹਿ ਕੇ ਦੁਖੀਆਂ ਦੀ ਸੇਵਾ ਕੀਤੀ। ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਲੜਕੀ, ਬੀਬੀ ਕੌਲਾਂ ਨੇ ਗੁਰੂ ਜੀ ਦੀ ਸਿੱਖੀ ਧਾਰਨ ਕਰ ਲਈ। ਬਦਲਦੇ ਰਾਜਸੀ ਹਾਲਾਤਾਂ ਨੂੰ ਵੇਖਦੇ ਗੁਰੂ ਸਾਹਿਬ ਨੇ ਅੰਮ੍ਰਿਤਸਰ ਸ਼ਹਿਰ ਦੀ ਰਾਖੀ ਲਈ ਲੋਹਗੜ੍ਹ ਕਿਲ੍ਹਾ ਤਿਆਰ ਕਰਵਾਇਆ। ਲੋਹਗੜ੍ਹ, ਖਾਲਸਾ ਕਾਲਜ ਅੰਮ੍ਰਿਤਸਰ ਦੇ ਨਾਲ ਹੈ।

ਸਿੱਖ ਲਹਿਰ ਦੀ ਚੜ੍ਹਤ ਨੂੰ ਜਨੂੰਨੀ ਕਾਜ਼ੀ, ਮੁਲਾਣੇ ਬਰਦਾਸ਼ਤ ਨਾ ਕਰ ਸਕੇ, ਕਿਉਂਕਿ ਅਣਗਿਣਤ ਹਿੰਦੂ ਹੀ ਨਹੀਂ, ਬਲਕਿ ਮੁਸਲਮਾਨ ਵੀ ਸਿੱਖੀ ਵਿਚ ਧੜਾਧੜ ਪਰਵੇਸ਼ ਕਰ ਰਹੇ ਸਨ। ਉਹਨਾਂ ਜਹਾਂਗੀਰ ਬਾਦਸ਼ਾਹ ਦੇ ਕੰਨ ਭਰੇ, ਭਾਵੇਂ ਜਹਾਂਗੀਰ ਗੁਰੂ ਘਰ ਨਾਲ ਟੱਕਰ ਲੈਣ ਨੂੰ ਤਿਆਰ ਨਹੀਂ ਸੀ, ਪਰ ਧਾਰਮਿਕ ਕੱਟੜ ਪੰਥੀਆਂ ਨੂੰ ਚੁੱਪ ਕਰਾਉਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ। ਕਿਲ੍ਹੇ ਵਿਚ ਪੁੱਜ ਕੇ ਗੁਰੂ ਜੀ ਨੇ ਵੱਡੀ ਚੜ੍ਹਦੀ ਕਲਾ ਪ੍ਰਗਟ ਕੀਤੀ। ਇਥੋਂ ਤੱਕ ਕਿ ਕੈਦ ਕੀਤੇ ਹੋਏ ਵੱਡੇ-ਵੱਡੇ ਹਿੰਦੂ ਰਾਜਿਆਂ ਨੂੰ ਵੀ ਹੌਂਸਲਾ ਦਿੱਤਾ। ਸਾਰੇ ਗੁਰੂ ਜੀ ਦੇ ਸਿਦਕੀ ਮੁਰੀਦ ਬਣ ਗਏ। ਥਾਂ-ਥਾਂ ਤੋਂ ਜੱਥੇ ਬਣਾ ਕੇ ਸਿੱਖ ਗਵਾਲੀਅਰ ਪਹੁੰਚਦੇ। ਸਤਿਗੁਰੂ ਜੀ ਦੀ ਹਿਰਾਸਤ ਵਿਰੁੱਧ ਸਿੱਖਾਂ ਤੇ ਗੁਰੂ ਘਰ ਦੇ ਪ੍ਰੇਮੀ ਹਿੰਦੂ ਤੇ ਮੁਸਲਮਾਨਾਂ ਨੇ ਵੀ ਆਵਾਜ਼ ਉਠਾਈ। ਗੁਰੂ ਜੀ ਦੇ ਪਿਆਰੇ ਮੁਰੀਦ ਸਾਈਂ ਮੀਆਂ ਮੀਰ ਜੀ ਦਾ ਸਰਕਾਰੀ ਦਰਬਾਰ ਵਿਚ ਚੰਗਾ ਅਸਰ ਰਸੂਖ ਸੀ। ਇਨ੍ਹਾਂ ਬਾਦਸ਼ਾਹ ਤੱਕ ਗੁਰੂ ਜੀ ਦੀ ਰਿਹਾਈ ਲਈ ਉੱਦਮ ਕੀਤੇ। ਜਿਸ ਸਭ ਦਾ ਨਤੀਜਾ ਇਹ ਹੋਇਆ ਕਿ ਗੁਰੂ ਜੀ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ ਗਿਆ। ਗੁਰੂ ਜੀ ਨੇ ਆਪਣੇ ਨਾਲ 52 ਹੋਰ ਰਾਜਿਆਂ ਨੂੰ ਵੀ ਰਿਹਾਅ ਕਰਵਾਇਆ। ਜਿਸ ਤੋਂ ਆਪ ਜੀ ਦਾ ਨਾਮ 'ਬੰਦੀ ਛੋੜ ਦਾਤਾ' ਪੈ ਗਿਆ।

ਜਹਾਂਗੀਰ ਆਪਣੀ ਭੁੱਲ ਬਖਸ਼ਾਉਣ ਲਈ ਗੁਰੂ ਸਾਹਿਬ ਜੀ ਨਾਲ ਅੰਮ੍ਰਿਤਸਰ ਸਾਹਿਬ ਆਇਆ। ਜਹਾਂਗੀਰ ਨੇ ਗੁਰੂ ਜੀ ਨਾਲ ਚੰਗੇ ਸੰਬੰਧ ਕਾਇਮ ਕੀਤੇ। ਚੰਦੂ ਨੂੰ ਸਿੱਖ ਸੰਗਤਾਂ ਦੇ ਹਵਾਲੇ ਕੀਤਾ ਗਿਆ। ਚੰਦੂ ਸ਼ਾਹ ਨੂੰ ਲਾਹੌਰ ਦੇ ਬਾਜ਼ਾਰਾਂ ਵਿਚ ਫੇਰਿਆ ਗਿਆ। ਗੁਰਦਿੱਤੇ ਭੜਭੂੰਜੇ, ਜਿਸ ਨੇ ਚੰਦੂ ਦੇ ਆਖੇ ਲੱਗ ਕੇ ਗੁਰੂ ਅਰਜਨ ਸਾਹਿਬ ਜੀ ਉੱਤੇ ਤੱਤੀ ਰੇਤ ਪਾਈ ਸੀ, ਓਸੇ ਹੀ ਕੜਛੇ ਨਾਲ ਚੰਦੂ ਪਾਪੀ ਨੂੰ ਮਾਰ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਤੋਂ ਵਾਪਸ ਆ ਕੇ ਸਿੱਖੀ ਪ੍ਰਚਾਰ ਤੇ

ਪਰਸਾਰ ਲਈ ਰੁਝ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਚਾਰ ਦੌਰੇ ਤੇ ਆਪਣੇ ਪਿਤਾ ਜੀ ਵੱਲੋਂ ਵਸਾਏ ਸ਼ਹਿਰ ਹਰਿਗੋਬਿੰਦਪੁਰ, ਜੋ ਕਾਦੀਆਂ (ਜ਼ਿਲ੍ਹਾ ਗੁਰਦਾਸਪੁਰ) ਦੇ ਨੇੜੇ ਹੈ, ਗਏ ਹੋਏ ਸਨ। ਉਥੇ ਭਗਵਾਨ ਦਾਸ ਘੇਰੜ, ਚੰਦੂ ਦਾ ਪੁੱਤਰ ਕਰਮ ਚੰਦ ਅਤੇ ਉਨ੍ਹਾਂ ਦੇ ਜਨੂੰਨੀ ਮੁਸਲਮਾਨ ਸਾਥੀ ਗੁਰੂ ਸਾਹਿਬ ਜੀ ਉੱਤੇ ਹਮਲਾਵਰ ਹੋਏ, ਜਿਸ ਵਿਚ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਇਹ ਜੰਗ 12 ਅਕਤੂਬਰ ਅਤੇ 17 ਅਕਤੂਬਰ 1621 ਨੂੰ ਹੋਈ।

1629 ਵਿਚ ਗੁਰੂ ਸਾਹਿਬ ਜੀ ਨੇ ਇਕ ਵੱਡਾ ਪ੍ਰਚਾਰ ਦੌਰਾ ਕੀਤਾ ਅਤੇ ਰਾਮਦਾਸ, ਡੇਹਰਾ ਬਾਬਾ ਨਾਨਕ ਤੇ ਬਾਰਠ ਪੁਜੇ। ਬਾਰਠ ਗੁਰੂ ਨਾਨਕ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸਿਰੀ ਚੰਦ ਜੀ ਰਹਿੰਦੇ ਸਨ ਅਤੇ ਉਨ੍ਹਾਂ ਉਦਾਸੀ ਸੰਪਰਦਾਇ ਚਲਾ ਰੱਖੀ ਸੀ। ਆਪ ਸਾਰੀ ਉਮਰ ਅਣ-ਵਿਆਹੇ ਰਹੇ ਤੇ ਬਾਰਠ (ਗੁਰਦਾਸਪੁਰ) ਵਿਖੇ ਹੀ ਡੇਰਾ ਸੀ ਤੇ ਦੁਨਿਆਵੀ ਕਾਰ-ਵਿਹਾਰ ਤੋਂ ਨਿਰਲੇਪ ਰਹਿ ਰਹੇ ਸਨ। ਜਦੋਂ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਉਪਰ ਗੁਰਿਆਈ ਦੀ ਬਖਸ਼ਿਸ਼ ਕੀਤੀ,ਉਸੇ ਵਕਤ ਬਾਬਾ ਸ੍ਰੀ ਚੰਦ ਜੀ ਨੇ ਵੱਖਰੀ ਉਦਾਸੀ ਸੰਪ੍ਰਦਾ ਆਰੰਭ ਕੀਤੀ । ਹੁਣ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਰਠ ਪੁੱਜੇ, ਤਾਂ ਬਾਬਾ ਸ੍ਰੀ ਚੰਦ ਜੀ ਨੇ ਆਪਣੀ ਭੁੱਲ ਬਖਸ਼ਵਾਈ ਅਤੇ ਸਿੱਖੀ ਵਿਚ ਪ੍ਰਵੇਸ਼ ਕੀਤਾ। ਇਨ੍ਹਾਂ ਆਪ ਤਾਂ ਈਨ ਮੰਨ ਹੀ ਲਈ ਸੀ, ਇਨ੍ਹਾਂ ਦੇ ਚਾਰ ਉੱਘੇ ਸੇਵਕਾਂ ਅਲਮਸਤ ਜੀ, ਬਾਲੂ ਹਸਨਾ ਜੀ, ਫੂਲ ਸ਼ਾਹ ਜੀ ਤੇ ਗੋਂਦਾ ਜੀ ਨੇ ਵੀ ਗੁਰਸਿੱਖੀ ਧਾਰਨ ਕੀਤੀ ਅਤੇ ਬਾਬਾ ਗੁਰਦਿੱਤਾ ਜੀ (ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ) ਨੂੰ ਇਨ੍ਹਾਂ ਦੁਆਰਾ ਕੀਤੇ ਜਾਣ ਵਾਲੇ ਸਿੱਖ ਧਰਮ ਦੇ ਪ੍ਰਚਾਰ ਲਈ ਮੁੱਖ ਪ੍ਰਬੰਧਕ ਦੀ ਸੇਵਾ ਸੌਂਪੀ, ਇਨ੍ਹਾ ਚਾਰੋਂ ਸੇਵਕਾਂ ਨੇ ਵੱਖ-ਵੱਖ ਥਾਵਾਂ ਤੇ, ਨੈਨੀਤਾਲ, ਕਾਬਲ, ਦੇਹਰਾਦੂਨ ਅਤੇ ਹੁਸ਼ਿਆਰਪੁਰ ਵਿਚ ਪ੍ਰਚਾਰ ਕੀਤਾ।

1627 ਵਿਚ ਜਹਾਂਗੀਰ ਦਾ ਦਿਹਾਂਤ ਹੋ ਗਿਆ। ਉਸ ਉਪਰੰਤ ਸ਼ਾਹਜਹਾਂ ਤਖ਼ਤ ਤੇ ਬੈਠਾ, ਇਹ ਬੜਾ ਕੱਟੜ ਤੇ ਸ਼ਰਈ ਬਾਦਸ਼ਾਹ ਸੀ। ਇਸਨੇ ਮੁਸਲਮਾਨਾਂ ਵਾਸਤੇ ਧਰਮ ਤਬਦੀਲੀ ਦੀ ਮਨਾਹੀ ਕਰ ਦਿੱਤੀ, ਜੋ ਵੀ ਮੁਸਲਮਾਨ ਆਪਣਾ ਧਰਮ ਬਦਲੇਗਾ, ਬਦਲਣ ਤੇ ਬਦਲਾਉਣ ਵਾਲੇ ਦੋਵਾਂ ਨੂੰ ਸਜ਼ਾ ਹੋਵੇਗੀ। ਹਿੰਦੂ ਮੰਦਰ ਹੋਰ ਨਾ ਉਸਾਰੇ ਜਾਣ ਅਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਦੀ ਵੀ ਮਨਾਹੀ ਕਰ ਦਿੱਤੀ। ਸਿਵਾਏ ਮੁਸਲਮਾਨਾਂ ਤੇ ਰਾਜਪੂਤਾਂ ਦੇ ਕੋਈ ਵੀ ਫੌਜ, ਬਾਜ਼, ਤਾਜ਼, ਘੋੜੇ, ਨਗਾਰਾ, ਪਗੜੀ, ਹਥਿਆਰ ਆਦਿ ਨਹੀਂ ਰੱਖ ਸਕਦਾ ਸੀ।

ਗੁਰਦੁਆਰਾ, ਜੋ ਲਾਹੌਰ ਡੱਬੀ ਬਜ਼ਾਰ ਵਿਚ ਸੀ, ਨੂੰ ਢਾਹ ਕੇ ਮਸੀਤ ਬਣਾ ਦਿੱਤੀ ਗਈ। ਸਿੱਖਾਂ ਦੇ ਮਨਾਂ ਵਿਚ ਰੋਸ ਭਰ ਗਿਆ। ਕੌਮ ਦੀ ਤਿਆਰੀ ਤਾਂ ਹੋ ਹੀ ਚੁੱਕੀ ਸੀ। ਗੁਰੂ ਕੇ ਸਿੱਖ ਜੰਗਲ ਵਿਖੇ ਸ਼ਿਕਾਰ ਖੇਡਣ ਗਏ ਸਨ ਕਿ ਇਕ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਉਹ ਬਾਜ਼ ਸ਼ਾਹੀ ਦਰਬਾਰ ਦਾ ਸੀ। ਜਿਸ ਲਈ ਝਗੜਾ ਹੋ ਗਿਆ। ਭਾਵੇਂ ਬਾਜ਼ ਵਾਪਸ ਕਰ ਦਿੱਤਾ ਗਿਆ ਪਰ ਲਾਹੌਰ ਹਕੂਮਤ ਇਸ ਨੂੰ ਉਹਨਾਂ ਦੀ ਅਣਖ ਨੂੰ

ਹੱਥ ਪਾਉਣਾ ਕਹਿ ਕੇ ਹਮਲਾਵਰ ਹੋਈ। 30 ਅਪ੍ਰੈਲ 1634 ਵਿਚ ਅੰਮ੍ਰਿਤਸਰ ਲੋਹਗੜ੍ਹ ਦੇ ਸਥਾਨ ਤੇ ਇਹ ਜੰਗ ਹੋਈ। ਸਿੱਖ ਅਣਖ, ਗੈਰਤ ਦੀ ਜ਼ਿੰਦਗੀ ਜੀਊਣਾ ਜਾਣਦੇ ਹਨ ਅਤੇ ਜੋ ਕੋਈ ਬਿਨਾਂ ਕਾਰਣ ਹਮਲਾ ਕਰੇ, ਤਾਂ ਸਿੱਖ ਫਿਰ ਮੁਕਾਬਲਾ ਕਰਨਾ ਵੀ ਜਾਣਦੇ ਹਨ। ਹਕੂਮਤ ਮੂੰਹ ਦੀ ਖਾ ਕੇ ਭੱਜ ਗਈ।

ਗੁਰੂ ਹਰਿਗੋਬਿੰਦ ਸਾਹਿਬ ਨੇ ਕੌਮ ਦੀ ਤਿਆਰੀ ਹਿੱਤ ਵੱਡੇ ਸ਼ਹਿਰਾਂ ਤੇ ਜਰਨੈਲੀ ਸੜਕਾਂ ਤੋਂ ਹਟ ਕੇ ਪਹਾੜਾਂ ਦੀ ਗੁੱਠ ਵਿਚ ਇਕ ਨਵਾਂ ਨਗਰ ਕੀਰਤਪੁਰ ਸਾਹਿਬ ਵਸਾਇਆ। ਗੁਰੂ ਸਾਹਿਬ ਪ੍ਰਚਾਰ ਹਿੱਤ ਮਾਲਵੇ ਵਿਚ ਗਏ, ਮੌਜੂਦਾ ਲੁਧਿਆਣੇ ਤੇ ਫਿਰੋਜ਼ਪੁਰ ਵਿਚਕਾਰ ਦੇ ਪਿੰਡਾਂ ਵਿਚ ਪ੍ਰਚਾਰ ਕਰਦੇ, ਪਿੰਡ ਡਰੌਲੀ ਵਿਖੇ ਪੁੱਜੇ। ਗਵਰਨਰ ਲਾਹੌਰ ਨੇ ਉਨ੍ਹੀਂ ਦਿਨੀਂ ਗੁਰੂ ਦਰਸ਼ਨਾਂ ਨੂੰ ਆ ਰਹੀ ਕਾਬਲ ਦੀ ਸੰਗਤ ਤੋਂ ਗੁਰੂ ਸਾਹਿਬ ਲਈ ਭੇਟਾ ਦੇ ਤੌਰ ਤੇ ਲਿਆ ਰਹੇ ਦੋ ਘੋੜੇ ਜ਼ਬਰਦਸਤੀ ਖੋਹ ਲਏ ਸਨ। ਡਰੌਲੀ ਵਿਖੇ ਭਾਈ ਬਿਧੀ ਚੰਦ ਜੀ ਨੇ ਮੁਗ਼ਲਈ ਗਵਰਨਰ ਲਾਹੌਰ ਤੋਂ ਇਹੀ ਘੋੜੇ ਬੜੀ ਜੁਗਤ ਨਾਲ ਵਾਪਸ ਲਿਆਂਦੇ। ਇਨ੍ਹਾਂ ਘੋੜਿਆਂ ਪਿੱਛੇ ਤੀਜੀ ਜੰਗ 30 ਦਸੰਬਰ 1634 ਨੂੰ ਹੋਈ, ਜਿਸ ਵਿਚ ਮੁਗ਼ਲਈ ਫੌਜਾਂ ਨੂੰ ਹਾਰ ਹੋਈ।

ਜੰਗ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਫਿਰ ਪ੍ਰਚਾਰ ਵਿਚ ਜੁੱਟ ਗਏ।ਜਦ ਕਰਤਾਰਪੁਰ ਆਏ ਹੋਏ ਸਨ, ਤਾਂ ਮੁਗਲਾਂ ਨੇ ਆਪਣੀ ਹਾਰ ਦਾ ਬਦਲਾ ਲੈਣ ਲਈ ਹਮਲਾ ਕਰ ਦਿੱਤਾ। ਇਸ ਵਿਚ ਵੀ ਮੁਗਲਾਂ ਦੀ ਹਾਰ ਹੋਈ। ਇਹ ਖਤਰਨਾਕ ਅਤੇ ਆਖਰੀ ਜੰਗ 12,13,14 ਮਈ 1635 ਨੂੰ ਹੋਈ।ਗੁਰੂ ਹਰਿਗੋਬਿੰਦ ਸਾਹਿਬ ਜੰਗ ਤੋਂ ਬਾਅਦ ਕੀਰਤਪੁਰ ਹੀ ਰਹੇ ਅਤੇ ਸਾਰਾ ਸਮਾਂ ਕੌਮ ਦੀ ਤਿਆਰੀ ਵਿਚ ਲਗਾਇਆ।ਲਾਹੌਰ ਦਰਬਾਰ ਤਿੰਨੋਂ ਵਾਰ ਲੜ ਕੇ ਵੇਖ ਚੁੱਕੇ ਸੀ ਕਿ ਮੈਦਾਨੇ ਜੰਗ ਵਿਚ ਤਿਆਰ ਹੋ ਚੁੱਕੀ ਨਵੀਂ ਕੌਮ ਅੱਗੇ ਤਾਂ ਉਨ੍ਹਾਂ ਦੀ ਪੇਸ਼ ਹੀ ਨਹੀਂ ਸੀ ਜਾ ਰਹੀ ਅਤੇ ਨਾ ਹੀ ਸਿੱਖ ਕੋਈ ਮਲਕੀਅਤ ਮੱਲ ਰਹੇ ਸਨ। ਇਸ ਲਈ ਹਕੂਮਤ ਨੇ ਹੋਰ ਲੜਨਾ ਠੀਕ ਨਾ ਸਮਝਿਆ। ਇਸ ਤੋਂ ਇਲਾਵਾ ਦਿੱਲੀ ਹਕੂਮਤ ਵੱਲੋਂ ਦਾਰਾ ਸ਼ਿਕੋਹ ਨੂੰ ਪੰਜਾਬ ਦਾ ਗਵਰਨਰ ਨਿਯੁਕਤ ਕੀਤਾ ਗਿਆ। ਉਸਦਾ ਪਹਿਲਾਂ ਤੋਂ ਹੀ ਸਿੱਖੀ ਵੱਲ ਝੁਕਾਅ ਸੀ।

ਆਪ ਜੀ ਦੇ ਪੰਜ ਸਪੁੱਤਰ ਸਨ। ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, (ਗੁਰੂ) ਤੇਗ ਬਹਾਦਰ ਜੀ। ਆਪ ਜੀ ਦੀ ਇਕ ਸਪੁੱਤਰੀ ਸੀ-ਬੀਬੀ ਵੀਰੋ ਜੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 14 ਮਾਰਚ, ਸੰਨ 1644 ਨੂੰ ਗੁਰਿਆਈ ਅਤੇ ਕੌਮ ਦੀ ਅਗਵਾਈ ਆਪਣੇ ਪੋਤਰੇ, ਗੁਰੂ ਹਰਿ ਰਾਇ ਸਾਹਿਬ ਜੀ ਨੂੰ ਬਖਸ਼ ਦਿੱਤੀ ਅਤੇ 19 ਮਾਰਚ 1644 ਨੂੰ ਜੋਤੀ ਜੋਤਿ ਸਮਾਏ।

-0-

2. ਬੀਬੀ ਵੀਰੋ ਜੀ

ਗੁਰੂ ਘਰ ਵਿਚ ਜਿਥੇ ਗੁਰੂ ਮਾਤਾਵਾਂ, ਗੁਰੂ ਪਤਨੀਆਂ ਅਤੇ ਬੇਬੇ ਨਾਨਕੀ ਵਰਗੀਆਂ ਭੈਣਾਂ ਨੇ ਵਡਮੁੱਲਾ ਯੋਗਦਾਨ ਪਾਇਆ, ਉਥੇ ਬੀਬੀ ਅਮਰੋ, ਬੀਬੀ ਭਾਨੀ ਅਤੇ ਬੀਬੀ ਵੀਰੋ ਵਰਗੀਆਂ ਸੁਯੋਗ ਬੇਟੀਆਂ ਦਾ ਯੋਗਦਾਨ ਵੀ ਅਨਮੋਲ ਹੈ।

ਬੀਬੀ ਵੀਰੋ ਜੀ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਸਨ। ਆਪ ਜੀ ਦਾ ਜਨਮ 26 ਜਲਾਈ 1615 ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਗੁਰੂ ਘਰ ਵਿਚ ਸਦਾ ਹੀ ਪੁੱਤਰ-ਪੁਤਰੀਆਂ ਨੂੰ ਬਰਾਬਰ ਪਿਆਰ ਮਿਲਿਆ। ਆਪਣੇ ਪੰਜੇ ਵੀਰਾਂ ਦੇ ਬਰਾਬਰ ਪਿਆਰ, ਵਿੱਦਿਆ ਤੇ ਸਮਝ ਲੈਂਦਿਆਂ ਬੀਬੀ ਵੀਰੋ ਜੀ ਦੀ ਘਾੜਤ ਸੁਯੋਗ ਪੁੱਤਰੀ ਦੇ ਰੂਪ ਵਿਚ ਐਸੀ ਘੜੀ ਗਈ, ਜੋ ਬਾਅਦ ਵਿਚ ਅਤਿ ਮੁਸ਼ਕਿਲਾਂ ਸਮੇਂ ਵੀ ਸਹਿਜ ਰਹਿਣ ਅਤੇ ਪੰਜ ਬਹਾਦਰ ਅਤੇ ਸੁਯੋਗ ਪੁੱਤਰਾਂ ਦੀ ਸੁਯੋਗ ਮਾਂ ਦੇ ਰੂਪ ਵਿਚ ਇਕ ਮਜ਼ਬੂਤ ਸਖਸ਼ੀਅਤ ਵਜੋਂ ਉੱਭਰੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਇਕ ਦਿਨ ਦੀਵਾਨ ਵਿਚ ਬਿਰਾਜਮਾਨ ਸਨ। ਸੰਗਤ ਵਿਚ ਇਕ ਗੁਰੂ ਘਰ ਦਾ ਅਤਿ ਪ੍ਰੇਮੀ ਗੁਰਸਿੱਖ ਭਾਈ ਧਰਮਾ ਮੱਲ੍ਹਾ ਨਿਵਾਸੀ (ਜ਼ਿਲ੍ਹਾ ਫਰੀਦਕੋਟ) ਆਪਣੇ ਸਪੁੱਤਰ ਭਾਈ ਸਾਧੂ ਸਮੇਤ ਦਰਸ਼ਨਾਂ ਨੂੰ ਆਏ। ਭਾਈ ਧਰਮਾ ਜੀ ਡਰੋਲੀ ਨਿਵਾਸੀ ਭਾਈ ਸਾਈਂ ਦਾਸ ਜੀ (ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਂਢੂ ਸਨ) ਦੇ ਕਾਫੀ ਨਜ਼ਦੀਕੀ ਸਨ ਤੇ ਇਕ ਸਾਧਾਰਨ ਕਿਰਤੀ ਗੁਰਸਿੱਖ ਸੀ। ਭਾਈ ਸਾਧੂ ਦਾ ਸੁਭਾਅ ਦੇਖ ਛੇਵੇਂ ਪਾਤਸ਼ਾਹ ਜੀ ਨੇ ਬੀਬੀ ਵੀਰੋ ਜੀ ਲਈ ਯੋਗ ਵਰ ਸਮਝਦੇ ਹੋਏ ਰਿਸ਼ਤਾ ਕਰ ਦਿੱਤਾ।

1 ਮਈ 1634 ਨੂੰ ਅਨੰਦ ਕਾਰਜ ਹੋਣਾ ਤੈਅ ਹੋਇਆ। 29 ਅਪ੍ਰੈਲ ਨੂੰ ਸੂਹ ਮਿਲੀ ਕਿ ਲਾਹੌਰ ਤੋਂ ਮੁਖਲਿਸ ਖ਼ਾਂ ਦੀ ਕਮਾਨ ਹੇਠ ਫੌਜ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਆ ਰਹੀ ਹੈ। ਹਾਲਾਤਾਂ ਨੂੰ ਮੁੱਖ ਰਖਦਿਆਂ ਗੁਰੂ ਸਾਹਿਬ ਜੀ ਨੇ ਢੰਡੋਰਾ ਪਿਟਵਾ ਦਿੱਤਾ, ਤਾਂ ਜੋ ਜੰਗ ਕੀਤੀ ਜਾ ਸਕੇ। ਆਲੇ-ਦੁਆਲੇ ਦੇ ਪਿੰਡਾਂ 'ਚੋਂ ਵੀ ਕਾਫੀ ਸਿੱਖ ਹਥਿਆਰ ਲੈ ਕੇ ਪੁੱਜ ਗਏ। ਗੁਰੂ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੇ ਪਰਿਵਾਰ ਨੂੰ ਝਬਾਲ ਭਾਈ ਲੰਗਾਹ ਜੀ ਕੋਲ ਭੇਜ ਦਿੱਤਾ ਤੇ ਭਾਈ ਧਰਮੇ ਦੇ ਪਰਿਵਾਰ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਅਨੰਦ ਕਾਰਜ ਲਈ ਝਬਾਲ ਪੁੱਜਣ। 30 ਅਪ੍ਰੈਲ ਨੂੰ ਗਹਿਗੱਚ ਜੰਗ ਹੋਈ, ਜਿਸ ਵਿਚ ਮੁਖਲਿਸ ਖ਼ਾਂ ਮਾਰਿਆ ਗਿਆ ਤੇ ਸ਼ਾਹੀ ਫੌਜਾਂ ਭੱਜ ਤੁਰੀਆਂ ਤੇ ਫ਼ਤਿਹ ਗੁਰੂ ਸਾਹਿਬ ਜੀ ਦੀ ਹੋਈ। 1 ਮਈ ਨੂੰ ਗੁਰੂ ਸਾਹਿਬ ਸਿੱਖਾਂ ਸਮੇਤ ਝਬਾਲ ਪੁੱਜੇ ਤੇ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਹੋਇਆ।

ਬੀਬੀ ਵੀਰੋ ਤੇ ਸਾਧੂ ਜੀ ਘਰ ਪੰਜ ਬੇਟੇ, ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਤੇ ਮੋਹਰੀ ਚੰਦ ਹੋਏ। ਇਹ ਪੰਜੇ ਹੀ ਸੂਰਮੇ ਸਨ। ਸੰਗੋ ਸ਼ਾਹ ਨੂੰ ਤਾਂ ਗੁਰੂ ਜੀ ਨੇ ਸੰਗ੍ਰਾਮ ਸ਼ਾਹ ਦਾ ਖ਼ਿਤਾਬ (ਜ਼ੰਗ ਦਾ ਵੱਡਾ ਸੂਰਮਾ) ਦਿੱਤਾ ਸੀ। ਜਿਨ੍ਹਾਂ ਭੰਗਾਣੀ ਦੇ

ਯੁੱਧ ਵਿਚ ਸਿੱਖ ਫੌਜ ਦੇ ਕਮਾਂਡਰ ਵਜੋਂ ਸੇਵਾ ਨਿਭਾਈ। ਸੰਗੋ ਸ਼ਾਹ ਤੇ ਜੀਤ ਮੱਲ ਭੰਗਾਣੀ ਦੇ ਯੁਧ ਵਿਚ ਲੜ ਕੇ ਸ਼ਹੀਦੀ ਪਾ ਗਏ।

ਬੀਬੀ ਵੀਰੋ ਜੀ ਨੇ ਆਪਣੇ ਬੱਚਿਆਂ ਨੂੰ ਉਹੀ ਸਿੱਖਿਆ ਦਿੱਤੀ ਜੋ ਉਨ੍ਹਾਂ ਨੂੰ ਪਿਤਾ ਹਰਿਗੋਬਿੰਦ ਜੀ ਕੋਲੋਂ ਮਿਲੀ ਸੀ। ਉਨ੍ਹਾਂ ਆਪਣਾ ਧੀ-ਧਰਮ ਨਿਭਾਇਆ। ਬੱਚਿਆਂ ਨੂੰ ਧਰਮ ਦ੍ਰਿੜ੍ਹ ਰੱਖਣ ਅਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਦੀ ਸਿੱਖਿਆ ਦਿੱਤੀ। ਤਾਂ ਹੀ ਉਹ ਬੱਚੇ ਸੂਰਮੇ ਹੋਏ ਅਤੇ ਸਨਮੁੱਖ ਰਹਿ ਕੇ ਸ਼ਹੀਦੀਆਂ ਪਾਈਆਂ। ਬੀਬੀ ਵੀਰੋ ਨੇ ਸੱਚ ਹੀ ਗੁਰੂ ਦੀ ਧੀ ਬਣ ਕੇ ਪਿਤਾ ਪਿਆਰ ਦੇ ਨਵੇਂ ਪੂਰਨੇ ਪਾਏ।

-0-

3. ਭਾਈ ਬਿਧੀ ਚੰਦ ਜੀ

ਭਾਈ ਬਿਧੀ ਚੰਦ ਜੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਅਦੁੱਤੀ ਯੋਧਾ ਅਤੇ ਪ੍ਰਚਾਰਕ ਹੋਇਆ ਹੈ। ਇਹਨਾਂ ਦਾ ਜਨਮ ਆਪਣੇ ਨਾਨਕੇ ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਚ 26 ਅਪ੍ਰੈਲ 1579 ਵਿਚ ਹੋਇਆ। ਇਹਨਾਂ ਦਾ ਦਾਦਾ ਭਿੱਖੀ ਅਤੇ ਪਿਤਾ ਵੱਸਣ ਸੁਰ ਸਿੰਘ ਪਿੰਡ, ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਭਾਈ ਬਿਧੀ ਚੰਦ ਜੀ ਚੰਗੇ ਕੱਦਾਵਰ ਸੂਰਬੀਰ ਵਿਅਕਤੀ ਸਨ ਅਤੇ ਧਾੜਵੀਆਂ ਦੀ ਸੰਗਤ ਕਰਕੇ ਇਹਨਾਂ ਨੇ ਚੋਰੀਆਂ ਕਰਨੀਆਂ ਜਾਂ ਡਾਕੇ ਮਾਰਨੇ ਆਪਣੇ ਜੀਵਨ ਦਾ ਸ਼ੁਗਲ ਬਣਾਇਆ ਹੋਇਆ ਸੀ।

ਭਾਈ ਬਿਧੀ ਚੰਦ ਜੀ ਦਾ ਚੋਲ੍ਹਾ ਪਿੰਡ ਦੇ ਨਿਵਾਸੀ ਭਾਈ ਅਦਲੀ ਜੀ ਨਾਲ ਮਿਲਾਪ ਹੋਇਆ, ਤਾਂ ਭਾਈ ਬਿਧੀ ਚੰਦ ਜੀ, ਭਾਈ ਅਦਲੀ ਜੀ ਦੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋ ਗਏ। ਭਾਈ ਅਦਲੀ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਮਾੜੀ ਸੰਗਤ ਤੋਂ ਵਰਜਿਆ। ਭਾਈ ਅਦਲੀ ਜੀ ਦੀ ਪ੍ਰੇਰਣਾ ਸਦਕਾ ਭਾਈ ਬਿਧੀ ਚੰਦ ਨੇ ਡਾਕੇ ਮਾਰਨ ਦਾ ਮਾੜਾ ਧੰਦਾ ਛੱਡ ਦਿੱਤਾ। ਭਾਈ ਅਦਲੀ ਜੀ ਨੇ ਉਨ੍ਹਾਂ ਨੂੰ ਗੁਰੂ ਵਾਲੇ ਪਾਸੇ ਪ੍ਰੇਰਿਆ ਤੇ ਉਹ ਗੁਰੂ ਅਰਜਨ ਸਾਹਿਬ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਸਿੱਖ ਧਰਮ ਧਾਰਨ ਕਰਕੇ ਗੁਰ-ਉਪਦੇਸ਼ਾਂ ਦੀ ਕਮਾਈ ਵਿਚ ਜੁੱਟ ਗਏ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਸੰਗਤਾਂ ਨੂੰ ਲਾਮਬੰਦ ਕਰਨ ਲਈ ਆਪ ਜੀ ਨੇ ਮਾਝੇ ਦੇ ਪਿੰਡਾਂ ਵਿਚ ਫਿਰ-ਫਿਰ ਕੇ ਉਤਸ਼ਾਹ ਭਰਿਆ। ਆਪ ਜੀ ਨੇ ਪਿੰਡ ਦੇ ਢਾਡੀਆਂ ਨੂੰ ਗੁਰੂ ਜਸ ਗਾਉਣ ਲਈ ਪ੍ਰੇਰਿਆ ਤੇ ਉਹਨਾਂ ਢਾਡੀਆਂ ਨੇ ਸਿੱਖਾਂ ਵਿਚ ਨਵਾਂ ਜੋਸ਼ ਭਰਿਆ। ਜਦ ਗੁਰੂ ਹਰਿਗੋਬਿੰਦ ਜੀ ਨੇ ਨੌਜਵਾਨ ਅਤੇ ਤਕੜੇ ਗੁਰਸਿੱਖਾਂ ਦੀ ਮੰਗ ਕੀਤੀ, ਤਾਂ ਆਪ ਜੀ ਸੁਰ ਸਿੰਘ ਪਿੰਡ ਦੇ ਹੀ 52 ਸਿਰਕੱਢ ਨੌਜਵਾਨਾਂ ਸਮੇਤ ਦੋ ਢਾਡੀਆਂ ਨੂੰ ਲੈ ਕੇ ਪੁੱਜੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਫੌਜਾਂ ਦੀ ਗਿਣਤੀ ਦਿਨੋਂ ਦਿਨ ਵਧਣ ਲੱਗੀ। ਗੁਰੂ ਸਾਹਿਬ ਜੀ ਨੇ ਫੌਜਾਂ ਦੇ ਪੰਜ ਜਥੇ ਬਣਾਏ।

(1) ਭਾਈ ਲੰਗਾਹ ਜੀ-ਅਗਾਂਹ ਹੋ ਕੇ ਲੜਣ ਵਾਲਾ (2) ਭਾਈ ਬਿਧੀ ਚੰਦ ਜੀ-ਗੁਰੀਲਾ ਜੰਗ ਲਈ (3) ਭਾਈ ਪਿਰਾਣਾ ਜੀ-ਜਾਸੂਸੀ ਮਹਿਕਮਾ (4) ਭਾਈ ਪਿਰਾਗਾ ਜੀ -ਸਪਲਾਈ ਮਹਿਕਮਾ (5) ਭਾਈ ਜੇਠਾ ਜੀ -ਘੋੜ ਸਵਾਰ ਫੌਜ।

1619 ਵਿਚ ਜਦੋਂ ਹਕੂਮਤ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਹਿਰਾਸਤ ਵਿਚ ਲਿਆ, ਤਾਂ ਭਾਈ ਬਿਧੀ ਚੰਦ ਜੀ ਦੇ ਜਥੇ ਨੇ ਪਿੰਡਾਂ ਵਿਚ ਫਿਰ ਫਿਰ ਕੇ ਗੁਰੂ-ਪਿਆਰ ਨੂੰ ਕਾਇਮ ਰੱਖਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਪਣੀ ਵਿਦਵਤਾ ਤੇ ਉੱਚੀ-ਸੁੱਚੀ ਸ਼ਖਸੀਅਤ ਨਾਲ ਸੰਗਤਾਂ ਉੱਤੇ ਪ੍ਰਭਾਵ ਪਾਂਦੇ ਸਨ ਤੇ ਭਾਈ ਬਿਧੀ ਚੰਦ ਜੀ ਦਾ ਜੱਥਾ ਉਹਨਾਂ ਦੇ ਪਿੰਡ ਪੁੱਜਣ ਤੋਂ ਪਹਿਲਾਂ ਹੀ ਢਾਡੀਆਂ ਨੂੰ ਨਾਲ ਲੈ ਕੇ ਸੁਯੋਗ ਵਾਤਾਵਰਣ ਬਣਾ ਦਿੰਦਾ ਸੀ। ਐਸਾ ਗੁਰੂ-ਜਸ ਤੇ ਪ੍ਰਚਾਰ ਹੋਇਆ ਕਿ ਪੰਜਾਬ ਵਿਚ ਬਗਾਵਤ ਵਰਗੇ ਹਾਲਾਤ ਬਣ ਗਏ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਮਗਰੋਂ ਭਾਈ ਬਿਧੀ ਚੰਦ ਜੀ ਨੇ ਗੁਰੂ ਜੀ ਦੇ ਅੰਗ-ਰਖਿਅਕ ਦਾ ਕੰਮ ਸੰਭਾਲਿਆ। ਉਸ ਸਮੇਂ ਬਹੁਤ ਸਾਵਧਾਨੀ ਦੀ ਲੋੜ ਸੀ ਤੇ ਭਾਈ ਜੀ ਨੇ ਸਦਾ ਸਦ ਜਾਗਤ ਰਹਿ ਕੇ ਗੁਰੂ ਕੇ ਅੰਗ-ਪਾਲਕ ਦਾ ਕਾਰਜ ਕੀਤਾ। ਜਹਾਂਗੀਰ ਨੇ ਜਦ ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕੀਤਾ, ਤਾਂ ਗੁਰੂ ਜੀ ਨੇ ਚੰਦੂ ਨੂੰ ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਦੇ ਹਵਾਲੇ ਕਰ ਦਿੱਤਾ। ਲਾਹੌਰ ਵਿਚ ਸਾਰਿਆਂ ਸਾਹਮਣੇ ਚੰਦੂ ਨੂੰ ਸਜ਼ਾ ਦਿੱਤੀ ਗਈ, ਤਾਂ ਕਿ ਬਾਕੀਆਂ ਨੂੰ ਕੋਈ ਸਿੱਖਿਆ ਮਿਲ ਸਕੇ। ਲਾਹੌਰ ਵਿਖੇ ਹੀ ਜਦ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ ਸ਼ਰਾਰਤ ਕਰਨੀ ਚਾਹੀ, ਤਾਂ ਗੁਰੂ ਜੀ ਨੇ ਬਿਧੀ ਚੰਦ ਨੂੰ ਭੇਜਿਆ ਕਿ ਉਸ ਨੂੰ ਮੱਤ ਦੇਣ ਤੇ ਸਮਝਾਉਣ। ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਚਾਰ ਦੌਰੇ ਤੇ ਹਰਿਗੋਬਿੰਦਪੁਰ ਗਏ ਹੋਏ ਸਨ, ਤਾਂ ਕਾਹਨੇ ਭਗਤ ਦੇ ਪੁੱਤਰ ਭਗਵਾਨ ਦਾਸ ਨੇ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਕਾਫੀ ਕੁਬੋਲ ਬੋਲੇ ਤਾਂ ਸਿੱਖਾਂ ਨੇ ਉਸਨੂੰ ਵੱਢ ਕੇ ਦਰਿਆ ਬਿਆਸ ਵਿਚ ਸੁੱਟ ਦਿੱਤਾ। ਇਸ 'ਤੇ ਭਗਵਾਨ ਦਾਸ ਦਾ ਪੁੱਤਰ ਰਤਨ ਚੰਦ ਅਤੇ ਚੰਦੂ ਦਾ ਪੁੱਤਰ ਕਰਮ ਚੰਦ ਜਲੰਧਰ ਦੇ ਫੌਜਦਾਰ ਨੂੰ ਨਾਲ ਲੈਕੇ ਗੁਰੂ ਸਾਹਿਬ ਪੁਰ ਹਮਲਾਵਰ ਹੋਏ। ਗਹਿ ਗਚ ਜੰਗ ਹੋਈ ਜਿਸ ਵਿਚ ਜਲੰਧਰ ਦਾ ਫੌਜਦਾਰ, ਉਸ ਦੇ ਦੋਵੇਂ ਪੁੱਤਰ, ਕਰਮ ਚੰਦ, ਰਤਨ ਚੰਦ ਆਦਿ ਮਾਰੇ ਗਏ। ਇਸ ਜੰਗ ਵਿਚ ਭਾਈ ਬਿਧੀ ਚੰਦ ਨੇ ਕਾਫੀ ਜੌਹਰ ਵਿਖਾਏ।

ਜਹਾਂਗੀਰ ਦੀ ਮੌਤ ਤੋਂ ਮਗਰੋਂ ਲਾਹੌਰ ਦਰਬਾਰ ਨੂੰ ਖੁੱਲ੍ਹ ਮਿਲ ਗਈ, ਇਕ ਦਿਨ ਸਿੱਖ ਸ਼ਿਕਾਰ ਖੇਡਣ ਗਏ ਹੋਏ ਸਨ ਕਿ ਸ਼ਾਹੀ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਸਿੱਖਾਂ ਦੁਆਰਾ ਸ਼ਾਹੀ ਬਾਜ਼ ਦੇ ਫੜਨ ਨੂੰ "ਬਾਦਸ਼ਾਹੀ ਨੂੰ ਹੱਥ ਪਾਉਣਾ" ਆਖ ਕੇ ਮੁਖ਼ਲਿਸ ਖਾਨ ਜ਼ਫਰ ਜੰਗ ਨੂੰ ਸੱਤ ਹਜ਼ਾਰ ਦੀ ਫੌਜ ਦੇ ਕੇ 30 ਅਪ੍ਰੈਲ 1634 ਨੂੰ ਅੰਮ੍ਰਿਤਸਰ ਵਿਖੇ ਭੇਜ ਦਿੱਤਾ।

ਪਹਿਲੀ ਟੱਕਰ ਭਾਈ ਬਿਧੀ ਚੰਦ ਜੀ ਦੇ ਜੱਥੇ ਨਾਲ ਹੋਈ, ਭਾਈ ਜੀ ਦੇ ਜੱਥੇ ਨੇ ਫੌਜਾਂ ਨੂੰ ਰੋਕ ਲਿਆ, ਤਾਂ ਜੋ ਜ਼ੰਗ ਲਈ ਸੂਰਮਿਆਂ ਨੂੰ ਸਾਵਧਾਨ ਕਰ ਸਕਣ। ਖੂੰਖਾਰ

ਜੰਗ ਹੋਈ, ਜਿਸ ਵਿਚ ਭਾਈ ਬਿਧੀ ਚੰਦ ਜੀ, ਭਾਈ ਸਿੰਘਾਂ ਦੇ ਪੁੱਤਰ ਜੀਤ ਮੱਲ ਨੂੰ ਨਾਲ ਲੈ ਕੇ ਫੌਜਾਂ ਤੇ ਇੰਝ ਟੁੱਟ ਪਏ ਕਿ ਸ਼ਾਹੀ ਫੌਜਾਂ ਵਿਚ ਖਲਬਲੀ ਮਚ ਗਈ। ਇਸ ਜੰਗ ਵਿਚ ਭਾਈ ਬਿਧੀ ਚੰਦ ਨੇ ਮੁਗਲਾਂ ਦੇ ਵੱਡੇ-ਵੱਡੇ ਜਰਨੈਲਾਂ ਨਾਲ ਲੋਹਾ ਲਿਆ। ਮੁਖਲਿਸ ਖਾਨ ਨੇ ਫੌਜਾਂ ਨੂੰ ਵੰਗਾਰ ਪਾਈ ਕਿ ਗਾਜ਼ੀਓ ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਟਾਕਰੇ ਵਿਚ ਫਕੀਰਾਂ ਦਾ ਟੋਲਾ ਹੈ, ਵੇਖਣਾ ਕੋਈ ਬਚ ਕੇ ਨਾ ਜਾਵੇ। ਪਰ ਇਸ ਫਕੀਰਾਂ ਦੇ ਟੋਲੇ ਨੇ ਐਸੀ ਜੰਗ ਲੜੀ ਕਿ ਕੌਮੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ। ਭਾਈ ਬਿਧੀ ਚੰਦ ਨੇ ਸਿੱਧਾ ਸੁਲਤਾਨ ਬੇਗ ਨੂੰ ਜਾ ਵੰਗਾਰਿਆ। ਸੁਲਤਾਨ ਬੇਗ ਨੇ ਬੜੇ ਜ਼ੋਰ ਨਾਲ ਨੇਜ਼ੇ ਦਾ ਵਾਰ ਕੀਤਾ, ਪਰ ਭਾਈ ਬਿਧੀ ਚੰਦ ਜੀ ਬਚ ਗਏ ਤੇ ਉਨ੍ਹਾਂ ਨੇ ਐਸਾ ਭਰਵਾਂ ਵਾਰ ਕੀਤਾ ਕਿ ਸੁਲਤਾਨ ਬੇਗ ਡਰ ਕੇ ਪਿੱਛੇ ਹਟ ਗਿਆ। ਭਾਈ ਬਿਧੀ ਚੰਦ ਜੀ ਨੇ ਭੱਜਦੇ ਨੂੰ ਕਾਇਰ ਕਿਹਾ, ਤਾਂ ਉਸਨੇ ਮੁੜ ਕੇ ਫਿਰ ਵਾਰ ਕਰਨੇ ਸ਼ੁਰੂ ਕਰ ਦਿੱਤੇ, ਭਾਈ ਬਿਧੀ ਚੰਦ ਜੀ ਨੇ ਐਸਾ ਤੀਰ ਚਲਾਇਆ ਕਿ ਉਸ ਦੀ ਛਾਤੀ ਵਿਚ ਜਾ ਲੱਗਾ ਤੇ ਉਹ ਉਥੇ ਹੀ ਡਿੱਗ ਪਿਆ। ਸੁਲਤਾਨ ਬੇਗ ਦੇ ਡਿੱਗਣ ਨਾਲ ਮੁਖ਼ਲਿਸ ਖਾਨ ਨੇ ਗੁਰੂ ਜੀ ਨਾਲ ਸਿੱਧਾ ਟਾਕਰਾ ਕੀਤਾ ਤੇ ਸਤਿਗੁਰਾਂ ਦੇ ਇਕੋ ਵਾਰ ਨਾਲ ਹੀ ਮੁਖ਼ਲਿਸ ਖਾਨ ਦਾ ਕੰਮ ਪੂਰਾ ਹੋ ਗਿਆ।

ਤੀਜੀ ਜੰਗ ਦਾ ਮੁੱਖ ਕਾਰਣ ਅਣਖ ਨੂੰ ਵੰਗਾਰ ਸੀ, ਜਿਸ ਵਿਚ ਭਾਈ ਬਿਧੀ ਚੰਦ ਨੇ ਲਾਹੌਰ ਦਰਬਾਰ ਵਿਚੋਂ ਉਹ ਘੋੜੇ ਕੱਢ ਲਿਆਂਦੇ ਸਨ, ਜੋ ਇਕ ਸਿੱਖ ਗੁਰੂ ਜੀ ਨੂੰ ਭੇਟ ਕਰਨ ਲਈ ਕਾਬਲ ਤੋਂ ਲਿਆਇਆ ਸੀ। ਗੁਰੂ ਸਾਹਿਬ ਦੂਜੀ ਜੰਗ ਉਪਰੰਤ ਪ੍ਰਚਾਰ ਹਿੱਤ ਮਾਲਵੇ ਨੂੰ ਨਿਕਲ ਗਏ। ਉਥੇ ਗੁਰੂਸਰ ਸੁਧਾਰ, ਵਿਖੇ ਭਾਈ ਦਿਆਲ ਚੰਦ ਤੇ ਬਖਤ ਮੱਲ ਨੇ ਕਾਬਲ ਦੀਆਂ ਸੰਗਤਾਂ ਵੱਲੋਂ ਭੇਟਾਵਾਂ ਹਾਜ਼ਰ ਕੀਤੀਆਂ ਅਤੇ ਨਾਲ ਦੱਸਿਆ ਕਿ ਭਾਈ ਕਰੋੜੀ ਮੱਲ ਵੀ ਦੋ ਘੋੜੇ ਗੁਲਬਾਗ ਤੇ ਦਿਲਬਾਗ ਗੁਰੂ ਜੀ ਨੂੰ ਭੇਟ ਕਰਨ ਲਈ ਲਿਆ ਰਿਹਾ ਸੀ ਤਾਂ ਲਾਹੌਰ ਵਿਖੇ ਅਨਾਇਤ ਉੱਲਾ ਨੇ ਖੋਹ ਲਏ ਹਨ। ਗੁਰੂ ਜੀ ਨੇ ਧਰਵਾਸਾ ਦਿੰਦੇ ਕਿਹਾ ਕਿ ਕਰੋੜੀ ਮੱਲ ਦੀ ਭੇਟਾ ਬਿਧੀ ਚੰਦ ਜੀ ਆਪ ਹੀ ਲੈ ਆਵੇਗਾ।

ਭਾਈ ਜੀ ਨੇ ਗੁਰੂ ਜੀ ਦਾ ਇਸ਼ਾਰਾ ਸਮਝ ਲਿਆ ਅਤੇ ਗੁਰੂ ਘਰ ਦੀ ਹੋਂਦ ਕਾਇਮ ਰੱਖਣ ਹਿੱਤ ਘੋੜੇ ਵਾਪਸ ਲਿਆਉਣ ਲਈ ਤੁਰ ਪਏ। ਲਾਹੌਰ ਭਾਈ ਜੀਵਨ ਜੀ ਦੇ ਘਰ ਜਾ ਕੇ ਟਿਕਾਣਾ ਕੀਤਾ। ਭਾਈ ਸਾਹਿਬ ਘਾਹੀ ਦਾ ਰੂਪ ਧਾਰਨ ਕਰਕੇ ਰੋਜ਼ ਸਾਫ਼-ਸੁਥਰੇ ਘਾਹ ਦੀ ਪੰਡ ਬਣਾਕੇ ਕਿਲ੍ਹੇ ਦੀ ਦੀਵਾਰ ਕੋਲ ਬੈਠ ਜਾਂਦੇ ਸਨ। ਘੋੜਿਆਂ ਦੇ ਦਰੋਗੇ ਸੋਂਧੇ ਖਾਨ ਨੇ ਰੋਜ਼ ਘਾਹ ਖਰੀਦ ਲੈਣਾ। ਇਕ ਦਿਨ ਬਿਧੀ ਚੰਦ ਜੀ ਘਾਹ ਦੀ ਪੰਡ ਘੋੜਿਆਂ ਤੱਕ ਲੈ ਗਏ। ਇਸ ਤਰ੍ਹਾਂ ਰੋਜ਼ ਘਾਹ ਲਿਆਉਂਦੇ ਤੇ ਘੋੜਿਆਂ ਨੂੰ ਪਾ ਦਿੰਦੇ। ਘੋੜੇ ਭਾਈ ਜੀ ਨਾਲ ਪਰਚ ਗਏ, ਤਾਂ ਦਰੋਗੇ ਨੇ ਉਨ੍ਹਾਂ ਨੂੰ ਨੌਕਰੀ ਤੇ ਹੀ ਰੱਖ ਲਿਆ। ਭਾਈ ਬਿਧੀ ਚੰਦ ਜੀ ਘੋੜਿਆਂ ਦੀ ਸੇਵਾ ਵੀ ਕਰਦੇ ਤੇ ਪੂਰੀ ਟੋਹ ਵੀ ਰੱਖਦੇ। ਉਹ ਜਾਣ ਬੁਝ ਕੇ ਅਣਜਾਣ ਬਣ ਗਏ, ਤਾਂ ਕਿ ਸਾਰੇ ਨੌਕਰ ਉਹਨਾਂ ਨੂੰ ਅੱਲ੍ਹੜ ਤੇ ਝੱਲਾ

ਜਿਹਾ ਸਮਝਣ। ਇਧਰ ਹਰ ਰਾਤ ਨੂੰ ਇਕ ਵੱਡਾ ਪੱਥਰ ਦਰਿਆ ਵਿਚ ਸੁੱਟ ਦਿੰਦੇ। ਦਰਿਆ ਰਾਵੀ ਉਸ ਸਮੇਂ ਕਿਲ੍ਹੇ ਨਾਲ ਟਕਰਾ ਕੇ ਜਾਂਦਾ ਸੀ। ਪਹਿਲਾਂ ਕੁਝ ਦਿਨ ਤਾਂ ਹਲਚਲ ਹੋਈ ਪਰ ਸਭ ਨੇ ਇਹ ਜਾਣ ਲਿਆ ਕਿ ਇਹ ਕੋਈ ਦਰਿਆਵੀ ਜਾਨਵਰ ਹੋਵੇਗਾ। ਜੋ ਕਿਲ੍ਹੇ ਦੀ ਦੀਵਾਰ ਨਾਲ ਟਕਰਾਂਦਾ ਹੈ। ਇਸ ਤਰ੍ਹਾਂ ਕਰਦੇ- ਕਰਾਂਦੇ ਇਕ ਦਿਨ ਭਾਈ ਬਿਧੀ ਚੰਦ ਨੇ ਇਕ ਘੋੜੇ ਸਮੇਤ ਕਿਲ੍ਹੇ ਦੀ ਦੀਵਾਰ ਤੋਂ ਛਾਲ ਮਾਰ, ਪੈਂਡਾ ਮੁਕਾਉਂਦੇ ਹੋਏ ਗੁਰੂ ਜੀ ਪਾਸ ਪਹੁੰਚੇ।

ਭਾਈ ਬਿਧੀ ਚੰਦ ਜੀ ਦੂਜਾ ਘੋੜਾ ਲੈਣ ਲਈ ਫਿਰ ਲਾਹੌਰ ਆ ਪੁੱਜੇ। ਇਸ ਵਾਰੀ ਭਾਈ ਬਿਧੀ ਚੰਦ ਜੀ ਭਾਈ ਬੋਹੜੂ ਜੀ ਦੇ ਘਰ ਟਿਕੇ। ਭਾਈ ਬੋਹੜੂ ਨੇ ਦਸਿਆ ਕਿ ਘੋੜਾ ਗਾਇਬ ਹੋ ਜਾਣ ਕਰ ਕੇ ਸੌਂਧੇ ਖਾਨ ਸਭ ਖੋਜੀਆਂ ਤੇ ਨਜ਼ੂਮੀਆਂ ਦੇ ਪੈਰ ਚੁੰਮ ਰਿਹਾ ਹੈ। ਭਾਈ ਜੀ ਨੇ ਉਸ ਸਮੇਂ ਨਜ਼ੂਮੀ ਦਾ ਰੂਪ ਧਾਰਿਆ ਤੇ ਕਿਲ੍ਹੇ ਦੇ ਲਾਗੇ ਜਾ ਬੈਠੇ।

ਸੌਂਧੇ ਖਾਨ ਜਦ ਕੋਲੋਂ ਲੰਘਿਆ ਤਾਂ ਭਾਈ ਬਿਧੀ ਚੰਦ ਜੀ ਨੇ ਉਸਦੇ ਦਿਲ ਦੀ ਗੱਲ ਦੱਸ ਦਿੱਤੀ। ਇਸ ਤੇ ਉਹ ਨਵਾਬ ਕੋਲ ਭਾਈ ਸਾਹਿਬ ਨੂੰ ਲੈ ਗਿਆ। ਭਾਈ ਜੀ ਨੇ ਪਹਿਲੇ ਘਾਹੀ ਦਾ ਨਾਂ, ਫਿਰ ਉਸਦਾ ਹੁਲੀਆ ਤੇ ਘੋੜਾ ਲੈ ਜਾਣ ਦੀ ਸਾਰੀ ਤਰਤੀਬ ਨਵਾਬ ਨੂੰ ਦੱਸ ਦਿੱਤੀ। ਭਾਈ ਸਾਹਿਬ ਨੇ ਕਿਹਾ ਕਿ ਇਸ ਸਮੇਂ ਇਹ ਦੱਸਣਾ ਜ਼ਰਾ ਔਖਾ ਹੈ ਕਿ ਘੋੜਾ ਕਿਥੇ ਹੈ ਪਰ ਜੇ ਉਹ ਹੀ ਸਮਾਂ ਹੋਵੇ, ਉਸੇ ਤਰ੍ਹਾਂ ਪਹਿਰੇਦਾਰ ਆਪਣੀ ਥਾਂ ਤੇ ਹੋਣ ਤਾਂ ਸਭ ਕੁਝ ਦਸਿਆ ਜਾ ਸਕਦਾ ਹੈ। ਰਾਤ ਨੂੰ ਉਹ ਹੀ ਸਮਾਂ ਆਉਣ ਉੱਤੇ ਪੂਰਾ ਸਾਂਗ ਉਤਾਰਿਆ ਗਿਆ। ਭਾਈ ਜੀ ਨੇ ਘੋੜਾ ਖੋਲ੍ਹਿਆ ਤੇ ਉੱਤੇ ਚੜ੍ਹ ਕੇ ਦਰਿਆ ਵਿਚ ਛਾਲ ਮਾਰ ਦਿੱਤੀ। ਘੋੜਾ ਗੁਰ ਚਰਨਾਂ ਵਿਚ ਲਿਆ ਹਾਜ਼ਰ ਕੀਤਾ। ਮਹਾਰਾਜ ਨੇ ਭਾਈ ਜੀ ਨੂੰ ਛਾਤੀ ਨਾਲ ਲਗਾਇਆ ਤੇ ਫੁਰਮਾਇਆ :-

ਬਿਧੀ ਚੰਦ ਛੀਨਾ, ਗੁਰੁ ਕਾ ਸੀਨਾ

ਯੁੱਧ : ਅਨਾਇਤ ਉੱਲਾ ਨੇ ਲੱਲਾ ਬੇਗ ਤੇ ਉਸਦਾ ਭਰਾ ਕਮਰਬੇਗ ਨੂੰ ਅਤੇ ਮੁਗਲੀ ਬੇਗ ਤੇ ਬਹਿਲੋਲ ਖਾਂ ਨੂੰ ਸੱਤ ਹਜ਼ਾਰ ਦੀ ਫੌਜ ਦੇ ਕੇ ਭੇਜਿਆ, ਪਰ ਉਸ ਨੂੰ ਨਥਾਣੇ ਤੇ ਮਹਿਰਾਜ ਦੇ ਵਿਚਕਾਰ ਖੁੱਲ੍ਹੀ ਜੂਹ ਵਿਚ ਦੋਹਾਂ ਦਾ ਟਾਕਰਾ ਹੋਇਆ ਅਤੇ ਯੁੱਧ ਦੇ ਅਸਥਾਨ ਉੱਤੇ ਮੁਗਲਾਂ ਦੀ ਕਰਾਰੀ ਹਾਰ ਹੋਈ। ਸਤਿਗੁਰੂ ਜੀ ਨੇ ਯੁੱਧ ਅਸਥਾਨ ਤੇ ਇਕ ਸਰੋਵਰ ਗੁਰੂਸਰ ਤਿਆਰ ਕਰਵਾਇਆ।

ਜੰਗ ਉਪਰੰਤ ਗੁਰੂ ਸਾਹਿਬ ਕਰਤਾਰਪੁਰ ਜਲੰਧਰ ਆ ਗਏ ਤੇ ਇਥੇ ਚੌਥੀ ਜੰਗ, ਜੋ 12,13,14 ਮਈ 1635 ਨੂੰ ਹੋਈ ਜਿਸ ਵਿਚ ਮੁਗਲਾਂ ਨੂੰ ਤਕੜੀ ਹਾਰ ਹੋਈ। ਇਸ ਉਪਰੰਤ ਗੁਰੂ ਸਾਹਿਬ ਕੀਰਤਪੁਰ ਸਾਹਿਬ ਪੱਕੇ ਤੌਰ ਤੇ ਆ ਗਏ।

ਭਾਈ ਬਿਧੀ ਚੰਦ ਜੀ ਦੀ ਆਯੂ ਬਿਰਧ ਅਵਸਥਾ ਵੱਲ ਵੱਧ ਰਹੀ ਸੀ। ਉਸ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਹੁਤ ਘੱਟ ਸਨ ਤੇ ਸੈਂਚੀਆਂ ਵੀ ਬਹੁਤੀਆਂ ਨਹੀਂ ਸੀ ਮਿਲਦੀਆਂ ਅਤੇ ਗੁਰਬਾਣੀ ਪੜ੍ਹਨ ਵਿਚ ਬਹੁਤ ਕਠਿਨਾਈ ਆਉਂਦੀ ਸੀ, ਤਾਂ

ਆਪ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਬੇਨਤੀ ਕਰਕੇ ਸੈਂਚੀਆਂ ਦੇ ਉਤਾਰੇ ਦੀ ਸੇਵਾ ਆਪਣੇ ਜ਼ੁੰਮੇ ਲੈ ਲਈ।

ਕੀਰਤਪੁਰ ਬੁੱਢਣ ਸ਼ਾਹ ਦਾ ਚੇਲਾ ਸੁੰਦਰਸ਼ਾਹ ਅਯੁੱਧਿਆ ਤੋਂ ਕੀਰਤਪੁਰ ਸਾਹਿਬ ਆਇਆ। ਸੁੰਦਰਸ਼ਾਹ ਦੀ ਰਾਮ ਚੰਦਰ ਦੀ ਨਗਰੀ ਵਿਚ ਬਹੁਤ ਮਾਨਤਾ ਸੀ। ਉਸਨੇ ਜਦ ਕੀਰਤਪੁਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਚਾਰ, ਰਹਿਣੀ- ਬਹਿਣੀ ਤੇ ਸਿੱਖੀ ਜੀਵਨ ਦੇਖਿਆ, ਤਾਂ ਸਿੱਖੀ ਪ੍ਰਚਾਰ ਲਈ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਅਯੁੱਧਿਆ ਵਿਚ ਸ੍ਰੀ ਰਾਮ ਚੰਦਰ ਦੇ ਭਗਤਾਂ ਦਾ ਬਹੁਤ ਜ਼ੋਰ ਸੀ, ਇਸ ਲਈ ਸੁੰਦਰਸ਼ਾਹ ਦੇ ਕਹਿਣ ਤੇ ਭਾਈ ਬਿਧੀ ਚੰਦ ਨੂੰ ਗੁਰੂ ਸਾਹਿਬ ਨੇ ਪ੍ਰਚਾਰ ਹਿੱਤ ਅਯੁੱਧਿਆ ਭੇਜ ਦਿੱਤਾ।

ਇਸ ਤਰ੍ਹਾਂ ਭਾਈ ਬਿਧੀ ਚੰਦ ਜੀ ਦਾ ਹਰ ਕਰਮ ਜਿੱਥੇ ਜ਼ੁਰਅੱਤ ਦੀਆਂ ਹੱਦਾਂ ਟੱਪਦੇ ਸਨ, ਉਥੇ ਉਹਨਾਂ ਦਾ ਗੁਰਬਾਣੀ ਪ੍ਰੇਮ ਦੇਖਣ ਵਾਲਾ ਸੀ। ਇਤਿਹਾਸ ਅਨੁਸਾਰ, ਜਦ ਵੀ ਉਹ ਕਿਸੇ ਕਾਰਜ ਲਈ ਟੁਰਦੇ, ਗੁਰੂ ਜੀ ਨੂੰ ਧਿਆਂਦੇ ਤੇ ਰਾਹ ਵਿਚ ਗੁਰਬਾਣੀ ਹੀ ਪੜ੍ਹੀ ਜਾਂਦੇ:

"ਚਲਤ ਪੰਥ ਗੁਰਬਾਣੀ ਗਾਵੈ "

ਇੰਝ ਭਾਈ ਸਾਹਿਬ ਜੀ ਨੇ ਆਪਣਾ ਸਾਰਾ ਜੀਵਨ ਸਿੱਖ ਸੰਗਤਾਂ ਦੀ ਸੇਵਾ ਵਿਚ ਬਿਤਾ ਦਿੱਤਾ। ਭਾਈ ਸਾਹਿਬ ਜੀ 30 ਅਗਸਤ 1638 ਨੂੰ ਅਯੁਧਿਆ ਵਿਖੇ ਗੁਰਪੁਰੀ ਸਿਧਾਰ ਗਏ।

-0-

4. ਸੱਚਾ ਪਾਤਸ਼ਾਹ

ਸਤਿਗੁਰ ਸਚਾ ਪਾਤਿਸਾਹੁ, ਪਾਤਿਸਾਹਾ ਦਾ ਪਾਤਿਸਾਹੁ ਜੁਹਾਰੀ॥

(ਵਾਰ 11/1 ਭਾਈ ਗੁਰਦਾਸ)

ਭਾਵ ਸੱਚਾ ਗੁਰੂ ਹੀ ਸੱਚਾ ਪਾਤਸ਼ਾਹ ਹੈ ਅਤੇ ਉਹ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੋਣ ਕਰਕੇ ਨਮਸਕਾਰ ਯੋਗ ਹੈ।

ਹਿੰਦੁਸਤਾਨ ਦੇ ਬਾਦਸ਼ਾਹ ਜਹਾਂਗੀਰ ਨੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਚੰਗੇ ਸੰਬੰਧ ਬਣਾ ਕੇ ਰੱਖੇ ਸਨ। ਜਹਾਂਗੀਰ ਬਾਦਸ਼ਾਹ ਨੂੰ ਸਿੱਖ ਧਰਮ ਦੀਆਂ ਬਹੁਤ ਸਾਰੀਆਂ ਗੱਲਾਂ ਚੰਗੀਆਂ ਲੱਗਦੀਆਂ ਸਨ, ਪਰ ਇਕ ਗੱਲ ਉਸ ਨੂੰ ਬਹੁਤ ਹੀ ਚੁੱਭਦੀ ਸੀ। ਉਹ ਇਹ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸਿੱਖ ਸੱਚਾ ਪਾਤਸ਼ਾਹ ਕਿਉਂ ਕਹਿੰਦੇ ਹਨ ? ਇਸ ਬਾਰੇ ਉਸ ਨੇ ਇੱਕ ਵਾਰ ਗੁਰੂ ਜੀ ਕੋਲੋਂ ਪੁੱਛਿਆ ਵੀ। ਗੁਰੂ ਜੀ ਨੇ ਕਿਹਾ ਕਿ ਸਮਾਂ ਆਉਣ ਤੇ ਤੁਹਾਨੂੰ ਆਪੇ ਹੀ ਇਸ ਦਾ ਜਵਾਬ ਮਿਲ ਜਾਵੇਗਾ। ਉਸ ਸਮੇਂ ਤਾਂ ਜਹਾਂਗੀਰ ਚੁੱਪ ਰਿਹਾ, ਪਰ ਅੰਦਰੋਂ-ਅੰਦਰ ਉਸ ਨੂੰ ਇਹ ਗੱਲ ਬੜੀ ਰੜਕਦੀ ਰਹੀ ਕਿ ਮੈਂ ਸਾਰੇ ਹਿੰਦੁਸਤਾਨ ਦਾ ਬਾਦਸ਼ਾਹ ਹਾਂ। ਲੋਕ

ਤਾਂ ਮੈਨੂੰ ਬਾਦਸ਼ਾਹ ਕਹਿਣ ਹੀ, ਪਰ ਇਕ ਫ਼ਕੀਰ ਦੀ ਗੱਦੀ ਤੇ ਬੈਠਣ ਵਾਲ਼ਾ ਆਪਣੇ ਆਪ ਨੂੰ ਸੱਚਾ-ਪਾਤਸ਼ਾਹ ਅਖਵਾਏ। ਇਸ ਦਾ ਮਤਲਬ ਇਹ ਹੋਇਆ ਕਿ ਅਸੀਂ ਝੂਠੇ ਪਾਤਸ਼ਾਹ ਹੋਏ।

ਇਕ ਵਾਰ ਆਗਰੇ ਦੇ ਨੇੜੇ ਜਹਾਂਗੀਰ ਤੇ ਗੁਰੂ ਸਾਹਿਬ ਜੀ ਸ਼ਿਕਾਰ ਖੇਡ ਰਹੇ ਸਨ। ਗਰਮੀਆਂ ਦੀ ਦੁਪਹਿਰ ਨੂੰ ਅਰਾਮ ਕਰਨ ਲਈ ਗੁਰੂ ਸਾਹਿਬ ਜੀ ਅਤੇ ਜਹਾਂਗੀਰ ਦੇ ਆਪੋ-ਆਪਣੇ ਵੱਖਰੇ-ਵੱਖਰੇ ਤੰਬੂ ਸਨ।

ਆਗਰੇ ਵਿਚ ਹੀ ਗੁਰੂ ਜੀ ਦਾ ਇਕ ਸਿੱਖ ਘਾਹ ਵੇਚ ਕੇ ਆਪਣਾ ਗੁਜ਼ਾਰਾ ਕਰਦਾ ਸੀ। ਉਸ ਨੇ ਪਹਿਲਾਂ ਕਦੇ ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨ ਨਹੀਂ ਕੀਤੇ ਸਨ। ਉਸ ਦੇ ਅੰਦਰ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਬਹੁਤ ਇੱਛਾ ਸੀ। ਜਦੋਂ ਉਸ ਨੂੰ ਨਾਲ਼ ਦੇ ਜੰਗਲ ਵਿਚ ਗੁਰੂ ਜੀ ਦੇ ਆਉਣ ਦਾ ਪਤਾ ਲੱਗਿਆ ਤਾਂ ਉਸ ਨੂੰ ਚਾਅ ਚੜ੍ਹ ਗਿਆ। ਉਸ ਨੇ ਗੁਰੂ ਜੀ ਦੇ ਘੋੜਿਆਂ ਆਦਿ ਲਈ ਘਾਹ ਇਕੱਠਾ ਕੀਤਾ ਤੇ ਇਕ ਟਕਾ (ਦੋ ਪੈਸੇ) ਜੋ ਉਸ ਕੋਲ ਸੀ, ਮੱਥਾ ਟੇਕਣ ਲਈ ਲੈ ਕੇ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਤੁਰ ਪਿਆ।

ਤੰਬੂਆਂ ਦੇ ਨੇੜੇ ਜਾ ਕੇ ਉਸਨੇ ਇਕ ਸਿਪਾਹੀ ਤੋਂ ਪੁੱਛਿਆ, "ਸੱਚੇ ਪਾਤਸ਼ਾਹ' ਦਾ ਤੰਬੂ ਕਿਹੜਾ ਹੈ?"

ਸਿਪਾਹੀ ਨੇ 'ਪਾਤਸ਼ਾਹ' ਸ਼ਬਦ ਸੁਣਕੇ ਉਸਨੂੰ ਜਹਾਂਗੀਰ ਵਾਲੇ ਤੰਬੂ ਵੱਲ ਭੇਜਣ ਲੱਗਾ, ਪਰ ਨਾਲ ਹੀ ਸਿਪਾਹੀ ਨੇ ਕਿਹਾ " ਤੂੰ ਇਹ ਘਾਹ ਦੀ ਪੰਡ ਤੰਬੂ ਅੰਦਰ ਨਹੀਂ ਲਿਜਾ ਸਕਦਾ।

ਸਿੱਖ : ਇਹ ਘਾਹ ਦੀ ਭੇਟਾ ਵੀ ਮੈਂ ਸੱਚੇ ਪਾਤਸ਼ਾਹ ਨੂੰ ਕਰਨੀ ਹੈ, ਪਰ ਸਿਪਾਹੀ ਮੰਨਦਾ ਨਹੀਂ। ਦੋਹਾਂ ਦੀ ਗੱਲਬਾਤ ਨੂੰ ਜਹਾਂਗੀਰ ਵੀ ਸੁਣਦਾ ਤੇ ਸਿੱਖ ਨੂੰ ਘਾਹ ਸਮੇਤ ਹੀ ਅੰਦਰ ਆਉਣ ਲਈ ਕਹਿੰਦਾ ਹੈ।

ਸਿੱਖ ਨੇ ਘਾਹ ਰੱਖ ਦਿਤਾ ਤੇ ਕੀ ਵੇਖਦਾ ਹੈ ਕਿ ਸਾਹਮਣੇ ਬੈਠਾ ਬੰਦਾ ਸਾਬਤ ਸੂਰਤ ਨਹੀਂ ਹੈ। ਉਹ ਸਮਝ ਗਿਆ ਕਿ ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਹੀਂ ਹਨ। ਉਹ ਉੱਚੀ ਬੋਲ ਉਠਿਆ, ਇਹ ਕੌਣ ਹੈ? ਸਿਪਾਹੀ ਨੇ ਕਿਹਾ ਇਹ ਬਾਦਸ਼ਾਹ ਜਹਾਂਗੀਰ ਹੈ। ਘਾਹੀ ਨੇ ਕਿਹਾ ਮੈਂ ਤਾਂ ਸੱਚੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਹਾਂ। ਮੈਂ ਤਾਂ ਓਥੇ ਜਾਣਾ ਸੀ। ਮੈਂ ਜਹਾਂਗੀਰ ਬਾਦਸ਼ਾਹ ਨੂੰ ਮਿਲਣ ਵਾਸਤੇ ਨਹੀਂ ਆਇਆ। ਮੈਂ ਇਥੋਂ ਕੁਝ ਨਹੀਂ ਲੈਣਾ।" ਸਿੱਖ ਨੇ ਜਹਾਂਗੀਰ ਬਾਦਸ਼ਾਹ ਨੂੰ ਸਲਾਮ ਤੱਕ ਨਾ ਕੀਤੀ ਤੇ ਪਹਿਰੇਦਾਰ ਨੂੰ ਕਿਹਾ, " ਮੈਨੂੰ ਦੱਸੋ, ਸੱਚੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਕਿੱਥੇ ਹਨ, ਮੈਂ ਸੱਚੇ ਪਾਤਸ਼ਾਹ ਨੂੰ ਮਿਲਣਾ ਹੈ।"

ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ॥

ਸਿੱਖ ਦਾ ਆਪਣੇ ਗੁਰੂ ਪ੍ਰਤੀ ਪਿਆਰ, ਸ਼ਰਧਾ ਤੇ ਵਿਸ਼ਵਾਸ ਦਾ ਜਹਾਂਗੀਰ ਤੇ

ਬਹੁਤ ਅਸਰ ਪਿਆ। ਉਸਨੇ ਸਿੱਖ ਨੂੰ ਬੁਲਾਇਆ ਤੇ ਕਿਹਾ:

"ਸਿੱਖਾ ! ਮੈਂ ਤੇਰੀ ਜ਼ੁਅੱਰਤ 'ਤੇ ਬਹੁਤ ਖ਼ੁਸ਼ ਹਾਂ। ਮੈਂ ਸਾਰੇ ਹਿੰਦੁਸਤਾਨ ਦਾ ਬਾਦਸ਼ਾਹ ਹਾਂ। ਜੋ ਤੂੰ ਮੂੰਹੋਂ ਮੰਗੇਂ ਉਹ ਦੇਣ ਲਈ ਤਿਆਰ ਹਾਂ। ਜੇ ਤੂੰ ਕਹੇਂ ਤਾਂ ਤੇਰੇ ਨਾਂ ਕਈ ਪਿੰਡਾਂ ਦੀ ਜਗੀਰ ਲਾ ਦਿੰਦਾ ਹਾਂ, ਤਾਂ ਜੋ ਤੂੰ ਆਪਣਾ ਜੀਵਨ ਸੁੱਖ ਨਾਲ ਗੁਜ਼ਾਰ ਸਕੇਂ।"

ਸਿੱਖ ਨੇ ਕਿਹਾ, "ਬਾਦਸ਼ਾਹ! ਮੈਂ ਇਸ ਦੁਨੀਆਂ ਦੇ ਪਦਾਰਥਾਂ ਨੂੰ ਕੀ ਕਰਨਾ ਹੈ। ਉਸ ਨਾਲ ਮਨ ਹੋਰ ਅਸ਼ਾਂਤ ਹੁੰਦਾ ਹੈ। ਸੱਚਾ ਸੁੱਖ ਤਾਂ ਕੇਵਲ ਪ੍ਰਭੂ ਦੇ ਨਾਮ ਵਿਚ ਹੀ ਹੈ। ਉਹ ਕੇਵਲ ਸੱਚੇ ਪਾਤਸ਼ਾਹ ਕੋਲੋਂ ਹੀ ਮਿਲ ਸਕਦਾ ਹੈ।"

ਇਹ ਆਖ ਕੇ ਸਿੱਖ ਨੇ ਘਾਹ ਦੀ ਪੰਡ ਚੁੱਕ ਲਈ। ਉਹ ਤੰਬੂ ਤੋਂ ਬਾਹਰ ਆ ਗਿਆ। ਬਾਹਰ ਸਿਪਾਹੀ ਨੇ ਉਸ ਨੂੰ ਘਾਹ ਦੇਣ ਲਈ ਬੜਾ ਜ਼ੋਰ ਲਾਇਆ, ਪਰ ਸਿੱਖ ਨੇ ਇਕ ਨਾ ਸੁਣੀ। ਉਹ ਸਿੱਧਾ ਸੱਚੇ ਪਾਤਸ਼ਾਹ ਦੇ ਤੰਬੂ ਵੱਲ ਤੁਰ ਪਿਆ।

ਜਹਾਂਗੀਰ ਕੋਲੋਂ ਰਿਹਾ ਨਾ ਗਿਆ। ਉਹ ਵੀ ਸਿੱਖ ਦੇ ਮਗਰ ਇਹ ਦੇਖਣ ਲਈ ਤੁਰ ਪਿਆ ਕਿ ਵੇਖਾਂ ਕਿਵੇਂ ਸੱਚਾ ਪਾਤਸ਼ਾਹ ਅਖਵਾਉਣ ਵਾਲਾ ਗੁਰੂ ਆਪਣੇ ਸਿੱਖ ਨੂੰ ਖ਼ੁਸ਼ ਕਰਦਾ ਹੈ।

ਸਿੱਖ ਨੇ ਗੁਰੂ ਸਾਹਿਬ ਦੇ ਤੰਬੂ ਵਿਚ ਜਾ ਕੇ ਘਾਹ ਨੂੰ ਇਕ ਪਾਸੇ ਰੱਖ ਕੇ ਗੁਰੂ ਸਾਹਿਬ ਨੂੰ ਮੱਥਾ ਟੇਕ ਕੇ ਬੇਨਤੀ ਕੀਤੀ :

"ਸੱਚੇ ਪਾਤਸ਼ਾਹ ! ਮੇਰੇ ਕੋਲੋਂ ਭੁੱਲ ਹੋ ਗਈ, ਪਰ ਆਪ ਨੇ ਛੇਤੀ ਹੀ ਰਾਹੇ ਪਾ ਦਿੱਤਾ। ਜੇ ਮੈਂ ਜਹਾਂਗੀਰ ਦੇ ਲਾਲਚ ਜਾਂ ਡਰਾਵੇ ਵਿਚ ਆ ਜਾਂਦਾ, ਤਾਂ ਆਪ ਜੀ ਦੇ ਦਰਸ਼ਨ ਕਿਸ ਤਰ੍ਹਾਂ ਹੋ ਸਕਦੇ ਸਨ।"

"ਹੇ ਸੱਚੇ ਪਾਤਸ਼ਾਹ ਜੀ ! ਤੁਹਾਡੇ ਦਰਸ਼ਨਾਂ ਦੀ ਬੜੀ ਦੇਰ ਤੋਂ ਇੱਛਾ ਸੀ। ਤੁਸੀਂ ਮਿਹਰ ਕੀਤੀ ਹੈ, ਤਾਂ ਦਰਸ਼ਨ ਹੋਏ ਹਨ। ਹੁਣ ਕਿਰਪਾ ਕਰਕੇ ਮਨ ਨੂੰ ਸ਼ਾਂਤੀ ਬਖ਼ਸ਼ੋ।"

ਸਿੱਖ ਸ਼ਰਧਾ ਤੇ ਪਿਆਰ ਵਿਚ ਕਹੀ ਜਾ ਰਿਹਾ ਸੀ,

"ਸੱਚੇ ਪਾਤਸ਼ਾਹ ਜੀ! ਤੁਸੀਂ ਬੜੀ ਕਿਰਪਾ ਕੀਤੀ ਹੈ, ਮੈਨੂੰ ਜਹਾਂਗੀਰ ਦੇ ਲਾਲਚ ਤੋਂ ਬਚਾ ਲਿਆ। ਹੁਣ ਕਿਰਪਾ ਕਰੋ ਤੇ ਮੇਰੇ ਮਨ ਨੂੰ ਸ਼ਾਂਤੀ ਬਖ਼ਸ਼ੋ।"

ਸੱਚੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਜਾਣਦੇ ਸਨ ਕਿ ਇਹ ਸਿੱਖ ਗੁਰੂ ਦੇ ਹੁਕਮ ਦੀ ਪਾਲਣਾ ਕਰਨ ਵਾਲਾ ਹੈ। ਗੁਰੂ ਦੀ ਦੱਸੀ ਰਹਿਤ ਦੀ ਪਾਲਣਾ ਕਰਦਾ ਹੈ। ਬੇਈਮਾਨੀ ਦੀ ਕਮਾਈ ਨਾਲੋਂ ਮਿਹਨਤ ਦੀ ਕਮਾਈ ਨਾਲ਼ ਗੁਜ਼ਾਰਾ ਕਰਦਾ ਹੈ।

ਗੁਰੂ ਸਾਹਿਬ ਉਸ ਉੱਤੇ ਪ੍ਰਸੰਨ ਹੁੰਦੇ ਹੋਏ ਬੋਲੇ,

"ਪਿਆਰੇ ਸਿੱਖਾ ! ਤੇਰੀਆਂ ਸਾਰੀਆਂ ਇਛਾਵਾਂ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਪੂਰੀਆਂ ਹੋਣਗੀਆਂ।"

ਗੁਰੂ ਸਾਹਿਬ ਜੀ ਨੇ ਉਸ ਸਿੱਖ ਨੂੰ ਗਲ਼ ਲਾਇਆ ਤੇ ਪਿਆਰ ਕੀਤਾ।

ਇਸ ਤਰ੍ਹਾਂ ਜਹਾਂਗੀਰ, ਜੋ ਕਿ ਇਹ ਸਭ-ਕੁਝ ਵੇਖ ਤੇ ਸੁਣ ਰਿਹਾ ਸੀ, ਨੂੰ ਸਮਝ ਲੱਗ ਗਈ ਕਿ ਸਿੱਖ, ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 'ਸੱਚਾ-ਪਾਤਸ਼ਾਹ' ਕਿਉਂ ਕਹਿੰਦੇ ਹਨ।

-0-

5. ਬੀਬੀ ਕੌਲਾਂ ਜੀ

ਸਾਈਂ ਮੀਆਂ ਮੀਰ ਜੀ ਪ੍ਰਸਿੱਧ ਮੁਸਲਿਮ ਪੀਰ ਸਨ, ਜਦ ਇਹਨਾਂ ਨੂੰ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਹੋਈ, ਤਾਂ ਆਪ ਗੁਰੂ ਘਰ ਦੇ ਮੁਰੀਦ ਬਣ ਗਏ। ਸਾਈਂ ਜੀ ਦਾ ਸਰਕਾਰੀ ਦਰਬਾਰ ਵਿਚ ਚੰਗਾ ਅਸਰ ਰਸੂਖ ਸੀ।

ਸੰਨ 1621 ਦੀ ਗੱਲ ਹੈ ਕਿ ਅਬਦੁੱਲਾ ਖਾਂ ਸਾਈਂ ਮੀਆਂ ਮੀਰ ਜੀ ਦੀ ਆਗਿਆ ਨਾਲ ਲਾਹੌਰ ਤੋਂ ਅੰਮ੍ਰਿਤਸਰ ਸਾਹਿਬ ਆਇਆ। ਇਸ ਦੀ ਨਿਗਰਾਨੀ ਹੇਠ ਬੀਬੀ ਕੌਲਾਂ ਜੀ ਲਾਹੌਰ ਤੋਂ ਅੰਮ੍ਰਿਤਸਰ ਲਿਆਂਦੇ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਜਦ ਇਹ ਪੁੱਜੇ, ਤਾਂ ਉਹਨਾਂ ਬੀਬੀ ਕੌਲਾਂ ਦੀ ਸੁਰੱਖਿਆ ਲਈ ਬੇਨਤੀ ਕੀਤੀ, ਕਿਉਂ ਜੋ ਇਸ ਨੂੰ ਫਤਵਾ ਮਿਲ ਚੁੱਕਾ ਸੀ ਅਤੇ ਮੌਤ ਇਸ ਦੇ ਸਿਰ ਤੇ ਮੰਡਰਾ ਰਹੀ ਸੀ।

ਬੀਬੀ ਕੌਲਾਂ ਲਾਹੌਰ ਦੇ ਸ਼ਾਹੀ ਕਾਜ਼ੀ ਰੁਸਤਮ ਖਾਂ ਦੀ ਧੀ ਸੀ। ਸ਼ਾਹੀ ਕਾਜ਼ੀ ਦੀ ਧੀ ਬੀਬੀ ਕੌਲਾਂ ਜੀ ਨੇ ਸਾਈਂ ਮੀਆਂ ਮੀਰ ਜੀ ਰਾਹੀਂ ਜਿਉਂ-ਜਿਉਂ ਗੁਰਬਾਣੀ ਪੜ੍ਹੀ, ਤਿਉਂ-ਤਿਉਂ ਇਸਦੇ ਮਨ ਅੰਦਰ ਸਿੱਖੀ ਪ੍ਰਤੀ ਪਿਆਰ ਵਧਦਾ ਗਿਆ। ਕਾਜ਼ੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਕਿ ਉਸਦੀ ਆਪਣੀ ਲੜਕੀ ਬਾਣੀ ਪੜ੍ਹਦੀ ਹੈ, ਤਾਂ ਅੱਗ ਬਗੋਲਾ ਹੋ ਗਿਆ। ਕਾਜ਼ੀ ਨੇ ਆਪਣੀ ਲੜਕੀ ਦੇ ਵਿਰੁੱਧ ਕਾਜ਼ੀਆਂ ਦੀ ਬੈਠਕ ਵਿਚੋਂ ਫਤਵਾ ਲੈ ਲਿਆ ਕਿ ਇਸ ਦਾ ਸਿਰ ਕਲਮ ਕਰਕੇ ਮੌਤ ਦੇ ਘਾਟ ਉਤਾਰਿਆ ਜਾਵੇ। ਰਾਜ ਵੀ ਮੁਗਲਈ ਹਕੂਮਤ ਦਾ ਸੀ, ਅਜਿਹਾ ਕਰਨ ਨੂੰ ਕੋਈ ਰੋਕ ਨਹੀਂ ਸੀ ਅਤੇ ਕਿਸੇ ਦੀ ਹਿੰਮਤ ਨਹੀਂ ਸੀ ਕਿ ਚੂੰ ਕਰਦਾ।

ਬੀਬੀ ਕੌਲਾਂ ਜੀ ਨੂੰ ਜਦ ਪਤਾ ਲੱਗਾ ਤਾਂ ਸਾਈਂ ਮੀਆਂ ਮੀਰ ਜੀ ਪਾਸ ਇਸ ਦੀ ਖਬਰ ਪਹੁੰਚਾਈ। ਸਾਈਂ ਜੀ ਨੇ ਉਸੇ ਵੇਲੇ ਪ੍ਰਬੰਧ ਕੀਤਾ, ਤਾਂ ਕਿ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਭੇਜਿਆ ਜਾਵੇ ਅਤੇ ਛੇਵੇਂ ਪਾਤਸ਼ਾਹ ਪਾਸ ਖਾਸ ਸੁਨੇਹਾ ਵੀ ਇਸ ਸਬੰਧ ਵਿਚ ਭੇਜ ਦਿੱਤਾ। ਕਿਉਂਕਿ ਸਾਈਂ ਜੀ ਜਾਣਦੇ ਸਨ ਕਿ ਸਰਕਾਰ ਨੇ ਕੋਈ ਕਸਰ ਨਹੀਂ ਸੀ ਛੱਡਣੀ ਕਿ ਬੀਬੀ ਕੌਲਾਂ ਨੂੰ ਦਿੱਤੇ ਫਤਵੇ ਅਨੁਸਾਰ ਉਸਤੇ ਅਮਲ ਕੀਤਾ ਜਾਵੇ। ਹਾਂ ਜੇ ਬੀਬੀ ਜੀ ਅੰਮ੍ਰਿਤਸਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਨ ਪਹੁੰਚ ਜਾਣ, ਤਾਂ ਦੁਨੀਆਂ ਦੀ ਕੋਈ ਵੀ ਤਾਕਤ ਕਿਸੇ ਕਿਸਮ ਦਾ ਦਬਾਅ ਪਾ ਕੇ ਅਜਿਹਾ ਕੰਮ ਨਹੀਂ ਕਰ ਸਕਦੀ। ਬੀਬੀ ਕੌਲਾਂ ਜੀ ਨੂੰ ਅੰਮ੍ਰਿਤਸਰ ਸੁਰੱਖਿਅਤ ਪਹੁੰਚਾਇਆ ਗਿਆ। ਬੀਬੀ ਕੌਲਾਂ ਜੀ ਦੀ ਰਿਹਾਇਸ਼ ਦਾ ਪੱਕਾ ਪ੍ਰਬੰਧ ਅੰਮ੍ਰਿਤਸਰ ਵਿਖੇ ਕਰ ਦਿੱਤਾ ਗਿਆ। ਬੀਬੀ ਕੌਲਾਂ ਦੀ ਦ੍ਰਿੜ੍ਹਤਾ ਅਤੇ ਵਿਸ਼ਵਾਸ ਦੀ ਬਹੁਤ ਸ਼ਲਾਘਾ ਹੋਈ।

ਸਿੱਖੀ ਦੇ ਅਸੂਲਾਂ ਦੀ ਇਕ ਭਾਰੀ ਜਿੱਤ ਸੀ ਕਿ ਵੱਡੇ ਕਾਜ਼ੀ ਦੀ ਧੀ ਨੇ ਤੀਖਣ ਵਿਰੋਧ ਹੋਣ ਤੇ ਵੀ ਸਿੱਖੀ ਧਾਰਨ ਕੀਤੀ। ਬੀਬੀ ਕੌਲਾਂ ਦੀ ਸ਼ਖਸ਼ੀਅਤ ਇਕ ਚਾਨਣ ਮੁਨਾਰੇ ਦਾ ਕੰਮ ਦੇਵੇ, ਗੁਰੂ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਦੇ ਦੱਖਣ-ਪੱਛਮ ਵੱਲ ਇਕ ਨਵੇਂ ਸਰੋਵਰ ਦੀ ਬਣਵਾਈ ਦਾ ਕੰਮ 1624 ਈ: ਵਿਚ ਪ੍ਰਾਰੰਭ ਕਰਵਾ ਦਿੱਤਾ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਇਹ ਨਵਾਂ ਸਰੋਵਰ, ਜਿਸ ਦਾ ਨਾਂ 'ਕੌਲਸਰ' ਰੱਖਿਆ ਗਿਆ, 1627 ਵਿਚ ਤਿਆਰ ਹੋ ਗਿਆ। ਗੁਰਬਾਣੀ ਰਸੀਏ, ਸਿੱਖੀ ਵਿਚ ਪਰਪੱਕ ਨਿਰਭਉ ਸੁਜਾਨ, ਦ੍ਰਿੜ੍ਹ ਇਰਾਦੇ, ਲੋਕ ਲਾਜ ਦੀ ਪ੍ਰਵਾਹ ਨਾ ਕਰਨ ਵਾਲੀ, ਸਚਿਆਰੂ ਜੀਵਨ ਵਾਲੀ ਬੀਬੀ ਕੌਲਾਂ ਦੇ ਜੀਵਨ ਤੋਂ ਰਹਿੰਦੀ ਦੁਨੀਆਂ ਸਿੱਖਿਆ ਲੈਂਦੀ ਰਹੇਗੀ ਅਤੇ ਇਹ ਵਿਸ਼ਵਾਸ ਦ੍ਰਿੜ੍ਹ ਕਰਵਾਏਗੀ ਕਿ ਗੁਰਬਾਣੀ ਅੰਦਰ ਇੰਨੀ ਤਾਕਤ ਹੈ ਕਿ ਇਨਸਾਨ ਗੁਰਬਾਣੀ ਰਾਹੀਂ ਇਕ ਪਰਮ ਮਨੁੱਖ ਬਣ ਜਾਂਦਾ ਹੈ ਤੇ ਦੁਨੀਆ ਦੀ ਕੋਈ ਤਾਕਤ ਐਸੇ ਇਨਸਾਨ ਨੂੰ ਆਪਣੇ ਦ੍ਰਿੜ੍ਹ ਇਰਾਦੇ ਤੋਂ ਥਿੜਕਾ ਨਹੀਂ ਸਕਦੀ। ਕੌਲ ਦਾ ਫੁੱਲ ਆਸ ਪਾਸ ਗੰਦਗੀ ਦੇ ਹੁੰਦਿਆਂ ਵੀ ਉਸ ਗੰਦਗੀ ਤੋਂ ਅਭਿੱਜ ਰਹਿੰਦਾ ਹੈ ਤੇ ਸੋਹਣਾ ਖਿੜਿਆ ਰਹਿੰਦਾ ਹੈ। ਅਜਿਹੇ ਆਚਰਨ ਵਾਲੀ ਬੀਬੀ ਕੌਲਾਂ ਦੇ ਜੀਵਨ ਤੋਂ ਸੇਧ ਸਰਬ ਮਨੁੱਖਤਾ ਲੈਂਦੀ ਰਹੇਗੀ।

ਉਮਰ ਦੇ ਅੰਤਲੇ ਸਮੇਂ ਬੀਬੀ ਕੌਲਾਂ ਕਰਤਾਰਪੁਰ ਚਲੇ ਗਏ ਅਤੇ ਉਥੇ ਹੀ 1629 ਨੂੰ ਗੁਰਪੁਰੀ ਸਿਧਾਰ ਗਏ।

-0-

6. ਭਾਈ ਤਿਲਕਾ ਜੀ

ਦੁਨੀਆਂ ਭਰ ਦੇ ਮੱਤਾਂ-ਮਤਾਂਤਰਾਂ ਵਿਚ ਲੋਕਾਂ ਨੂੰ ਭਰਮਾਉਣ ਲਈ ਨਰਕ- ਸੁਰਗ ਦੇ ਭੁਲੇਖੇ ਤੇ ਡਰ ਖੜ੍ਹੇ ਕੀਤੇ ਗਏ ਹਨ। ਪਰ ਗੁਰਮਤਿ ਕਿਉਂਕਿ ਸਹਿਜ ਪ੍ਰਾਪਤੀ ਦਾ ਮਾਰਗ ਹੈ, ਇਸ ਲਈ ਨਾ ਤਾਂ ਇਹ ਨਰਕ ਦੇ ਡਰ ਨੂੰ ਪ੍ਰਵਾਨ ਕਰਦਾ ਹੈ ਅਤੇ ਨਾ ਹੀ ਸੁਰਗ ਦੇ ਲਾਲਚ ਨੂੰ, ਇਸ ਸਿਧਾਂਤ ਨੂੰ ਪ੍ਰਗਟਾਉਂਦੀਆਂ ਕਈ ਸਾਖੀਆਂ ਸਿੱਖ ਇਤਿਹਾਸ ਨਾਲ ਸੰਬੰਧ ਰੱਖਦੀਆਂ ਹਨ, ਜਿਨ੍ਹਾਂ ਵਿਚੋਂ ਭਾਈ ਤਿਲਕਾ ਜੀ ਦੀ ਇਹ ਸਾਖੀ ਆਪਣਾ ਨਿਵੇਕਲਾ ਸਥਾਨ ਰੱਖਦੀ ਹੈ। ਜਿਸ ਵਿਚ ਬਾਰ-ਬਾਰ ਦਿੱਤਾ ਗਿਆ ਸੁਰਗ ਦਾ ਲਾਲਚ ਵੀ ਉਹਨਾਂ ਨੂੰ ਗੁਰਮਤਿ ਮਾਰਗ ਤੋਂ ਨਹੀਂ ਡੁਲਾ ਸਕਿਆ ਅਤੇ ਉਹ ਅਤਿ ਦ੍ਰਿੜ੍ਹਤਾ ਨਾਲ ਆਪਣੇ ਗੁਰੂ ਦੇ ਉਪਦੇਸ਼ ਤੇ ਡਟੇ ਰਹੇ।

ਭਾਈ ਤਿਲਕਾ ਜੀ, ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਵਾਸੀ ਸਨ। ਆਪ ਜੀ ਪੰਜਵੇਂ ਪਾਤਸ਼ਾਹ ਵੇਲੇ ਸਿੱਖੀ ਵਿਚ ਸ਼ਾਮਿਲ ਹੋਏ। ਆਪ ਜੀ ਦੀ ਗੁਰਮਤਿ ਦੀ ਕਮਾਈ ਨੂੰ ਮੁੱਖ ਰੱਖਦਿਆਂ ਛੇਵੇਂ ਪਾਤਸ਼ਾਹ ਨੇ ਭਾਈ ਜੀ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦਾ ਪ੍ਰਚਾਰਕ ਥਾਪਿਆ। ਕਸਬੇ ਦੇ ਲੋਕ ਭਾਈ ਸਾਹਿਬ ਦੇ ਜੀਵਨ ਤੋਂ ਬਹੁਤ ਪ੍ਰਭਾਵਿਤ ਸਨ। ਉਥੇ ਇਕ ਚੰਗੀ ਵੱਡੀ ਉਮਰ ਦੇ ਜੋਗੀ ਦਾ ਡੇਰਾ ਸੀ। ਜਿਉਂ-ਜਿਉਂ ਭਾਈ ਸਾਹਿਬ ਗੁਰਮਤਿ

ਦਾ ਪ੍ਰਚਾਰ ਕਰਦੇ ਸਨ, ਸਿੱਖੀ ਵਿਚ ਵਾਧਾ ਹੁੰਦਾ ਜਾ ਰਿਹਾ ਸੀ ਤੇ ਹੌਲੀ-ਹੌਲੀ ਜੋਗੀ ਦਾ ਮਾਣ-ਸਤਿਕਾਰ ਘਟਦਾ ਜਾ ਰਿਹਾ ਸੀ। ਜੋਗੀ ਹਮੇਸ਼ਾਂ ਹੀ ਈਰਖਾ ਵਿਚ ਸੜਦਾ ਰਹਿੰਦਾ ਸੀ। ਲੋਕਾਂ ਉੱਤੇ ਪ੍ਰਭਾਵ ਕਾਇਮ ਰੱਖਣ ਲਈ ਕਈ ਯਤਨ ਕਰ ਰਿਹਾ ਸੀ, ਪਰ ਗੁਰਮਤਿ ਮਾਰਗ ਅੱਗੇ ਉਸ ਦੇ ਪਖੰਡਾਂ ਦੀ ਪੇਸ਼ ਨਹੀਂ ਸੀ ਜਾ ਰਹੀ।

ਇਕ ਦਿਨ ਜੋਗੀ ਨੇ ਇਕ ਨਵਾਂ ਪਰਪੰਚ ਰਚਿਆ। ਉਸਨੇ ਆਪਣੇ ਚੇਲਿਆਂ (ਏਜੰਟਾਂ) ਰਾਹੀਂ ਇਹ ਫੈਲਾ ਦਿੱਤਾ ਕਿ ਜੋਗੀ ਨੂੰ ਰਾਤੀਂ ਸ਼ਿਵਜੀ ਨੇ ਦਰਸ਼ਨ ਦਿੱਤੇ ਹਨ ਅਤੇ ਵਰਦਾਨ ਦਿੱਤਾ ਹੈ ਕਿ "ਜੋ ਪ੍ਰਾਣੀ ਉਸਦੇ (ਜੋਗੀ ਦੇ) ਦਰਸ਼ਨ ਕਰੇਗਾ, ਇਕ ਸਾਲ ਲਈ ਸਵਰਗ ਪ੍ਰਾਪਤ ਕਰੇਗਾ।" ਸਾਰੇ ਇਲਾਕੇ ਵਿਚ ਧੁੰਮ ਪੈ ਗਈ। ਕੁੱਝ ਕੁ ਵਿਚਾਰੇ ਭੋਲੇ ਭਾਲੇ ਗਿਆਨ ਵਿਹੂਣੇ ਲੋਕ ਇਨ੍ਹਾਂ ਏਜੰਟਾਂ ਦੇ ਢਹੇ ਚੜ੍ਹਕੇ ਇਸ ਪਖੰਡੀ ਦੇ ਜਾਲ ਵਿਚ ਫਸਣ ਲੱਗੇ ਤੇ ਜੋਗੀ ਦੇ ਦਰਸ਼ਨਾਂ ਲਈ ਉਸਦੇ ਡੇਰੇ ਆਉਣ ਲੱਗ ਪਏ। ਇਸ ਤਰ੍ਹਾਂ ਜੋਗੀ ਨੂੰ ਭੇਟਾ ਆਉਣੀ ਸ਼ੁਰੂ ਹੋ ਗਈ।

ਭਾਈ ਤਿਲਕਾ ਜੀ ਨੂੰ ਵੀ ਜੋਗੀ ਨੇ ਆਪਣੇ ਏਜੰਟਾਂ ਰਾਹੀਂ ਪ੍ਰੇਰਿਆ, ਪਰ ਭਾਈ ਸਾਹਿਬ ਨੇ ਉਨ੍ਹਾਂ ਦੀ ਇਕ ਨਾ ਸੁਣੀ। ਜੋਗੀ ਨੇ ਫਿਰ ਸੁਨੇਹਾ ਭੇਜਿਆ "ਭਾਈ ਸਾਹਿਬ ਤੁਸੀਂ ਦਰਸ਼ਨ ਕਰ ਲਵੋ, ਮੈਂ ਨਹੀਂ ਚਾਹੁੰਦਾ ਕਿ ਆਪ ਜੈਸੇ ਮਹਾਂਪੁਰਖ ਬੈਕੁੰਠ ਦੀ ਪ੍ਰਾਪਤੀ ਤੋਂ ਵਾਂਝੇ ਰਹਿ ਜਾਣ।" ਪਰ ਭਾਈ ਜੀ ਨੇ ਕੋਈ ਪ੍ਰਵਾਹ ਨਾ ਕੀਤੀ। ਉਨ੍ਹਾਂ ਨੂੰ ਪਤਾ ਸੀ ਕਿ ਅਸਲ ਗੱਲ ਤਾਂ ਇਹ ਹੈ ਕਿ ਜੋਗੀ, ਭਾਈ ਜੀ ਦੇ ਪ੍ਰਭਾਵ ਨੂੰ ਸੱਟ ਮਾਰਨਾ ਚਾਹੁੰਦਾ ਸੀ, ਤਾਂ ਜੋ ਗੁਰਮਤਿ ਪ੍ਰਚਾਰ ਬੰਦ ਹੋ ਜਾਵੇ ਤੇ ਲੋਕੀਂ ਉਸਦੇ ਚੱਕਰਾਂ ਵਿਚ ਫਸੇ ਰਹਿਣ। ਜੋਗੀ ਨੇ ਦੁਬਾਰਾ ਸੁਨੇਹਾ ਭੇਜਿਆ, "ਹੁਣ ਉਹ ਦੋ ਸਾਲਾਂ ਲਈ ਬੈਕੁੰਠ ਦਿਵਾਣ ਦਾ ਠੇਕਾ ਕਰ ਰਹੇ ਹਨ।" ਪਰ ਭਾਈ ਸਾਹਿਬ ਤੇ ਇਸ ਦਾ ਕੋਈ ਅਸਰ ਨਾ ਹੋਇਆ। ਆਖਿਰ ਕਈ ਸੁਨੇਹੇ ਭੇਜਣ ਪਿਛੋਂ ਵੀ ਜਦੋਂ ਭਾਈ ਸਾਹਿਬ ਜੀ ਨਾ ਗਏ, ਤਾਂ ਜੋਗੀ ਆਪ ਚਲਕੇ ਭਾਈ ਸਾਹਿਬ ਨੂੰ ਮਿਲਣ ਲਈ ਆਇਆ ਅਤੇ ਬਹੁਤ ਸਾਰੇ ਭੁੱਲੇ- ਭਟਕੇ ਲੋਕ (ਜੋ ਉਸ ਦੇ ਚੁੰਗਲ ਵਿਚ ਨਵੇਂ ਨਵੇਂ ਹੀ ਫਸੇ ਸਨ) ਅਤੇ ਉਸਦੇ ਏਜੰਟ ਵੀ ਉਸਦੇ ਨਾਲ ਸਨ।

ਭਾਈ ਸਾਹਿਬ ਨੂੰ ਪਤਾ ਲੱਗਾ ਕਿ ਜੋਗੀ ਮੇਰੇ ਵੱਲ ਆ ਰਿਹਾ ਹੈ, ਤਾਂ ਉਨ੍ਹਾਂ ਅੱਗੋਂ ਦਰਵਾਜ਼ਾ ਬੰਦ ਕਰ ਲਿਆ। ਜੋਗੀ ਨੇ ਆ ਕੇ ਦਰਵਾਜ਼ਾ ਖੜਕਾਇਆ ਅਤੇ ਬਾਹਰੋਂ ਹੀ ਉੱਚੀ-ਉੱਚੀ ਆਖਣ ਲੱਗਾ, "ਆਪ ਸੁਰਗ ਕਿਉਂ ਨਹੀਂ ਮਾਣਨਾ ਚਾਹੁੰਦੇ, ਮੈਂ ਤੁਹਾਡੇ ਪਰਉਪਕਾਰ ਲਈ ਆਪ ਹੀ ਚੱਲ ਕੇ ਆਇਆ ਹਾਂ।" ਪਰ ਭਾਈ ਸਾਹਿਬ ਨੇ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, "ਮੈਂ ਤੇਰੇ ਵਰਗੇ ਪਖੰਡੀ ਦੀ ਸ਼ਕਲ ਦੇਖਣ ਨੂੰ ਵੀ ਤਿਆਰ ਨਹੀਂ। ਤੂੰ ਲੋਕਾਈ ਨੂੰ ਲੁੱਟ ਰਿਹਾ ਹੈਂ। ਇਹਨਾਂ ਪਖੰਡਾਂ ਦੁਆਰਾ ਸੁਰਗ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਸਾਡਾ ਨਿਸ਼ਾਨਾ ਸੁਰਗ ਪ੍ਰਾਪਤ ਕਰਨ ਦਾ ਹੈ। ਅਸੀਂ ਤਾਂ ਗੁਰੂ ਚਰਨਾਂ (ਗੁਰੂ ਦੀ ਸਿੱਖਿਆ) ਤੋਂ ਸੁਰਗ ਵਾਰ ਦਿੱਤੇ ਹਨ।"

ਇਹ ਬਚਨ ਸੁਣ ਕੇ, ਜੋਗੀ ਦੇ ਮਨ ਤੇ ਭਾਰੀ ਚੋਟ ਲੱਗੀ। ਜੋਗੀ ਬਹੁਤ ਨਿੰਮੋਝੂਣਾ

ਹੋਇਆ। ਉਹ ਇੰਨਾ ਪ੍ਰਭਾਵਿਤ ਹੋਇਆ ਕਿ ਸੋਚਣ ਲੱਗ ਪਿਆ ਕਿ ਐਸੇ ਸਿੱਖ ਵੀ ਹਨ, ਜੋ ਗੁਰੂ ਦੇ ਬਚਨਾਂ ਨੂੰ ਹੀ ਸਭ ਤੋਂ ਉੱਤਮ ਸਮਝਦੇ ਹਨ। ਇਹਨਾਂ ਦਾ ਗੁਰੂ ਕਿੰਨੀ ਉੱਚੀ ਪਦਵੀ ਦਾ ਮਾਲਕ ਹੋਵੇਗਾ, ਜਿਸ ਨੇ ਸਾਡੇ ਲੋਕਾਂ ਦੇ ਪਾਏ ਭਰਮ ਦੂਰ ਕਰਕੇ ਮਨੁੱਖਤਾ ਨੂੰ ਇੰਨਾ ਉੱਤੇ ਚੁੱਕ ਦਿੱਤਾ ਹੈ।

ਕਈ ਵਾਰ ਬੇਨਤੀ ਕਰਨ ਤੇ ਵੀ ਜਦ ਭਾਈ ਸਾਹਿਬ ਨੇ ਦਰਵਾਜ਼ਾ ਨਾ ਖੋਲ੍ਹਿਆ, ਤਾਂ ਅੰਤ ਨੂੰ ਹਾਰ ਕੇ ਜੋਗੀ ਨੇ ਗੁਰੂ ਸਾਹਿਬ ਦਾ ਵਾਸਤਾ ਪਾਇਆ ਤੇ ਬੇਨਤੀ ਕੀਤੀ ਕਿ ਮੈਂ ਵੀ ਉਸ ਮਹਾਨ ਸ਼ਖਸ਼ੀਅਤ ਵਾਲੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ, ਜਿਸਨੇ ਤੁਹਾਨੂੰ ਇੰਨਾ ਉੱਚਾ ਜੀਵਨ ਬਖਸ਼ਿਆ ਹੈ, ਫਿਰ ਇਹ ਸੁਣ ਕੇ ਗੁਰੂ ਕੇ ਸਿੱਖ ਨੇ ਦਰਵਾਜ਼ਾ ਖੋਲ੍ਹਿਆ। ਜੋਗੀ ਨੇ ਪੁੱਛਿਆ, "ਭਾਈ ਸਾਹਿਬ! ਆਪ ਜੀ ਵਿਚ ਐਸੀ ਦ੍ਰਿੜ੍ਹਤਾ ਕਿਵੇਂ ਪੈਦਾ ਹੋਈ। ਆਪ ਜੀ ਨੂੰ ਕਿਵੇਂ ਪਤਾ ਲੱਗਾ ਕਿ ਮੈਂ ਲੋਕਾਈ ਨੂੰ ਠੱਗ ਰਿਹਾ ਹਾਂ? ਮੈਂ ਲੋਕਾਈ ਨੂੰ ਕੁਰਾਹੇ ਪਾ ਕੇ ਆਪਣਾ ਮਾਣ ਵਧਾ ਰਿਹਾ ਹਾਂ? ਦੁਨੀਆਂ ਸਵਰਗ ਲਈ ਤਰਲੇ ਲੈਂਦੀ ਹੈ ਪਰ ਤੁਸੀਂ ਸਵਰਗ ਦੀ ਪ੍ਰਵਾਹ ਤੱਕ ਕਿਉਂ ਨਹੀਂ ਕਰਦੇ?" ਜਦ ਉਹ ਇਹੋ ਜਿਹੀਆਂ ਗੱਲਾਂ ਕਰ ਚੁੱਕਾ, ਤਾਂ ਭਾਈ ਸਾਹਿਬ ਨੇ ਕਿਹਾ, "ਹੇ ਭਾਈ, ਮੈਂ ਪੂਰਨ ਗੁਰੂ ਦਾ ਸਿੱਖ ਹਾਂ। ਦੁਨੀਆ ਨੂੰ ਧੋਖਾ ਦੇਣ ਨਾਲ ਅਕਾਲ ਪੁਰਖ ਖੁਸ਼ ਨਹੀਂ ਹੁੰਦਾ। ਉਸ ਨੂੰ ਖੁਸ਼ ਕਰਨ ਜਾਂ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਦਾ ਢੰਗ ਉਸ ਅਕਾਲ ਪੁਰਖ ਦੀ ਬਣਾਈ ਹੋਈ ਦੁਨੀਆ ਦੀ ਸੇਵਾ ਕਰਨਾ ਹੈ। ਮਨੁੱਖ ਮਾਤਰ ਨੂੰ ਪਿਆਰ ਕਰਨਾ ਹੈ। ਅਸਲੀ ਇਨਸਾਨ ਬਣਨਾ ਹੀ ਧਰਮ ਹੈ।"

ਭਾਈ ਸਾਹਿਬ ਨੇ ਉਸਨੂੰ ਸਵਰਗ ਬਾਰੇ ਵੀ ਗੁਰਮਤਿ ਦੇ ਵਿਚਾਰ ਦੱਸ ਦਿਤੇ ਕਿ:-

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪ੍ਰਸਾਦੇ॥

(ਰਾਮਕਲੀ ਕਬੀਰ ਜੀ-969)

ਭਾਵ : (ਨਰਕ ਕੀ ਤੇ ਵੀਚਾਰਾ ਸੁਰਗ ਕੀ ? ਗੁਰਸਿੱਖਾਂ ਨੇ ਦੋਵੇਂ ਹੀ ਰੱਦ ਕਰ ਦਿੱਤੇ ਹਨ, ਕਿਉਂਕਿ ਗੁਰਸਿੱਖ ਆਪਣੇ ਗੁਰੂ ਦੀ ਕਿਰਪਾ ਨਾਲ ਸੁਰਗ ਤੇ ਨਰਕ ਕਿਸੇ ਦੇ ਵੀ ਮੁਥਾਜ ਨਹੀਂ ਹਨ।)

ਇਸ ਲਈ ਹੇ ਜੋਗੀ ! ਸਾਡੇ ਲਈ ਕੇਵਲ ਦਿਲੋਂ ਮਨੋਂ ਇਕ ਵਾਹਿਗੁਰੂ ਦਾ ਸਿਮਰਨ ਕਰਨਾ ਤੇ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣਾ ਹੀ ਸਵਰਗ ਹੈ। ਗੁਰੂ ਕੇ ਸਿੱਖ ਨਰਕ ਤੇ ਸੁਰਗ ਦੀ ਪ੍ਰਵਾਹ ਨਹੀਂ ਕਰਦੇ। ਉਹਨਾਂ ਲਈ ਗੁਰੂ ਸ਼ਬਦ ਦੀ ਅਗਵਾਈ ਵਿਚ ਚਲਦਿਆਂ ਸਭ ਕੁਝ ਪ੍ਰਾਪਤ ਹੁੰਦਾ ਹੈ, ਉਹਦੀ ਰਜ਼ਾ ਵਿਚ ਰਹਿਣ ਨਾਲ ਹੀ ਸ਼ਾਂਤੀ ਤੇ ਸੰਤੋਖ ਮਿਲਦਾ ਹੈ, ਅਤੇ ਸਾਡੇ ਲਈ ਉਹ ਹੀ ਸਵਰਗ ਹੈ।

ਭਾਈ ਸਾਹਿਬ ਦੇ ਮਨੋਹਰ ਬਚਨ ਸੁਣਕੇ ਜੋਗੀ ਬਹੁਤ ਪ੍ਰਭਾਵਿਤ ਹੋਇਆ। ਉਸਨੇ ਬੇਨਤੀ ਕੀਤੀ ਕਿ ਮੈਨੂੰ ਵੀ ਆਪਣੇ ਪੂਰਨ ਗੁਰੂ ਦੇ ਦਰਸ਼ਨ ਕਰਵਾਓ।

ਭਾਈ ਸਾਹਿਬ ਇਲਾਕੇ ਦੀਆਂ ਹੋਰ ਸੰਗਤਾਂ ਅਤੇ ਜੋਗੀ ਨੂੰ ਨਾਲ ਲੈ ਕੇ ਗੁਰੂ ਦਰਬਾਰ ਵਿਚ ਆਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਯੂ ਨੂੰ ਵੇਖ ਕੇ ਜੋਗੀ ਦੇ ਮਨ ਵਿਚ ਸ਼ੰਕਾ ਉਤਪੰਨ ਹੋਇਆ ਕਿ ਇਕ ਨੌਜਵਾਨ, ਗ੍ਰਹਿਸਤੀ ਤੇ ਫੌਜਾਂ ਦਾ ਮਾਲਕ, ਅਧਿਆਤਮਿਕ ਗੁਰੂ ਕਿਵੇਂ ਹੋ ਸਕਦਾ ਹੈ। ਗੁਰੂ ਸਾਹਿਬ ਤੋਂ ਪੁੱਛਣ ਲੱਗਾ, ਅਸੀਂ ਜੋਗੀ ਲੋਕ ਬੜੀ ਲੰਮੀ ਉਮਰ ਵਾਲੇ ਹੁੰਦੇ ਹਾਂ, ਵੱਡੀਆਂ ਸਾਧਨਾਂ ਕਰਦੇ ਹਾਂ ਤੇ ਕਰਾਮਾਤਾਂ ਦਾ ਪਰਪੰਚ ਵਿਖਾ ਕੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਾਂ, ਪਰ ਤੁਹਾਨੂੰ ਤਾਂ ਇਸ ਜਵਾਨੀ ਦੀ ਉਮਰੇ ਹੀ ਸਿੱਖ ਮੱਥਾ ਟੇਕਦੇ ਹਨ। ਇਸਦਾ ਕੀ ਰਾਜ਼ ਹੈ? ਸਤਿਗੁਰੂ ਜੀ ਨੇ ਜੋਗੀ ਨੂੰ ਗੁਰਮਤਿ ਗਿਆਨ ਦੀ ਸੋਝੀ ਕਰਵਾਈ ਅਤੇ ਮਨੁੱਖਾ ਜੀਵਨ ਦਾ ਮਨੋਰਥ ਸਮਝਾਇਆ। ਜੋਗੀ ਬਹੁਤ ਪ੍ਰਭਾਵਿਤ ਹੋਇਆ ਤੇ ਉਸਨੇ ਮਹਿਸੂਸ ਕੀਤਾ ਕਿ ਵਾਕਿਆ ਹੀ ਗੁਰੂ ਸਾਹਿਬ ਪੂਰਨ ਗੁਰੂ ਹਨ ਤੇ ਅਸਾਂ ਜੋਗੀ ਲੋਕਾਂ ਨੇ ਆਪਣਾ ਜੀਵਨ ਐਵੇਂ ਵਿਅਰਥ ਗਵਾਇਆ ਹੈ। ਸਤਿਗੁਰੂ ਜੀ ਨੇ ਜੋਗੀ ਨੂੰ ਸਮਝਾਇਆ:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥.....
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ (ਪੰਨਾ–730)

ਜੋਗੀ ਸਤਿਗੁਰੂ ਜੀ ਤੋਂ ਗੁਰਮਤਿ ਗਿਆਨ ਪ੍ਰਾਪਤ ਕਰਕੇ ਵਾਪਸ ਗੜ੍ਹਸ਼ੰਕਰ ਆਇਆ। ਪਹਿਲਾਂ ਜਿਥੇ ਉਹ ਲੋਕਾਈ ਨੂੰ ਕੁਰਾਹੇ ਪਾ ਕੇ ਲੁੱਟ ਰਿਹਾ ਸੀ, ਹੁਣ ਲੋਕਾਂ ਨੂੰ ਗੁਰੂ ਨਾਲ ਜੋੜਨ ਲੱਗ ਪਿਆ ਤੇ ਉਸਨੇ ਸੱਚ–ਧਰਮ ਦਾ ਪ੍ਰਚਾਰ ਸੰਭਾਲਿਆ।

ਅੱਜ ਫਿਰ ਗੁਰਮਤਿ ਦੇ ਪ੍ਰਚਾਰ ਦੀ ਵੱਡੀ ਘਾਟ ਦਾ ਲਾਭ ਉਠਾਕੇ ਕੁਝ ਸੰਤ ਸਾਧ ਤੇ ਜੋਗੀ, ਜੋਗ ਮੱਤ ਕਿਰਿਆਵਾਂ ਕਰਵਾ ਕੇ ਆਸਨ ਲਗਵਾ ਕੇ ਧਿਆਨ ਧੁੰਨੀ ਟਿਕਾ ਕੇ ਜਾਂ ਨੱਕ, ਕੰਨ ਬੰਦ ਕਰਵਾਕੇ, ਤੇ ਰੀੜ੍ਹ ਦੀ ਹੱਡੀ ਨੂੰ ਸਿੱਧਾ ਰੱਖ ਕੇ ਸਿਮਰਨ ਦੀਆਂ ਜੁਗਤੀਆਂ ਦੱਸ ਰਹੇ ਹਨ। ਇਨ੍ਹਾਂ ਆਸਨਾਂ ਦੁਆਰਾ ਸਿਹਤ ਨੂੰ ਤਾਂ ਕੁਝ ਲਾਭ ਹੋ ਸਕਦਾ ਹੈ, ਪਰ ਅਕਾਲ ਪੁਰਖ ਨਾਲ ਜੁੜਨ ਦਾ ਇਹ ਢੰਗ ਗੁਰਮਤਿ ਸਵੀਕਾਰ ਨਹੀਂ ਕਰਦੀ। ਗੁਰਮਤਿ ਵਿਚ ਕੇਵਲ ਸਹਿਜ ਮਾਰਗ ਤੋਂ ਉਪਜੀ ਪ੍ਰਭੂ–ਪ੍ਰੀਤ ਹੀ ਪ੍ਰਵਾਨ ਹੈ।

–0–

7. ਭਾਈ ਮਨੀ ਸਿੰਘ ਜੀ

"ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ। ਬੰਦ ਬੰਦ ਕਟਾਏ.....ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ। ਬੋਲੋ ਜੀ ਵਾਹਿਗੁਰੂ'। ਜਦੋਂ ਹਰ ਸਿੱਖ ਅਰਦਾਸ ਵਿਚ ਇਹ ਅੱਖਰ ਸੁਣਦਾ– ਪੜ੍ਹਦਾ ਹੈ, ਤਾਂ ਆਪ ਮੁਹਾਰੇ ਹੀ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਅੱਖਾਂ ਅੱਗੇ ਆ ਖਲੋਂਦੀ ਹੈ।

ਆਪ ਜੀ ਦਾ ਜਨਮ 26 ਮਾਰਚ 1644 ਨੂੰ ਅਲੀਪੁਰ (ਨੇੜੇ ਮੁਲਤਾਨ, ਹੁਣ

ਪਾਕਿਸਤਾਨ) ਵਿਚ ਬੀਬੀ ਮਧਰੀ ਬਾਈ ਦੀ ਕੁੱਖੋਂ ਤੇ ਭਾਈ ਮਾਈ ਦਾਸ ਦੇ ਗ੍ਰਹਿ ਵਿਖੇ ਹੋਇਆ। ਆਪ ਦੇ ਦਾਦਾ ਜੀ ਭਾਈ ਬੱਲੂ ਜੀ ਬੜੇ ਬਹਾਦਰ ਸਨ ਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਮੁਗਲਾਂ ਨਾਲ ਅੰਮ੍ਰਿਤਸਰ ਵਿਖੇ ਹੋਈ ਜੰਗ ਵਿਚ, ਜੋ 30 ਅਪ੍ਰੈਲ 1634 ਵਿਚ ਹੋਈ, ਸ਼ਹੀਦੀ ਪ੍ਰਾਪਤ ਕੀਤੀ।

ਭਾਈ ਮਨੀ ਸਿੰਘ ਜੀ ਦੇ ਖਾਨਦਾਨ ਨੂੰ ਮਾਣ ਹੈ ਕਿ 90 ਸ਼ਹੀਦਾਂ ਨੇ ਇਸ ਖਾਨਦਾਨ ਵਿਚੋਂ ਆਪਾ ਵਾਰਿਆ– ਭਾਈ ਮਨੀ ਸਿੰਘ ਜੀ ਤੇ ਇਨ੍ਹਾਂ ਦੇ ਦਾਦਾ ਜੀ ਅਤੇ ਉਹਨਾਂ ਦਾ ਭਰਾ, ਸਿੰਘਣੀ, 10 ਭਰਾ, 8 ਪੁੱਤਰ, ਤੇ 10 ਪੋਤਰੇ, ਅਤੇ 59 ਰਿਸ਼ਤੇਦਾਰ ਗੁਰੂ ਘਰ ਲਈ ਨਿਛਾਵਰ ਹੋਏ, ਇਸ ਤੋਂ ਅੱਗੋਂ ਕਿੰਨੇ ਹੋਰ ਸੂਰਬੀਰ ਯੋਧੇ ਇਸ ਪਰਿਵਾਰ ਨੇ ਪੰਥ ਲਈ ਅਰਪਨ ਕੀਤੇ ਹੋਣਗੇ, ਇਹ ਇਤਿਹਾਸ ਦੇ ਖੋਜੀਆਂ ਲਈ ਵੰਗਾਰ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸ਼ਹੀਦ ਹੋਣ ਵਾਲੇ ਭਾਈ ਦਿਆਲਾ ਜੀ ਆਪ ਜੀ ਦੇ ਹੀ ਭਰਾ ਸਨ।

ਭਾਈ ਮਨੀ ਸਿੰਘ ਜੀ ਨੂੰ 13 ਬਰਸ ਦੀ ਆਯੂ ਵਿਚ ਉਹਨਾਂ ਦੇ ਪਿਤਾ ਭਾਈ ਮਾਈ ਦਾਸ ਉਨ੍ਹਾਂ ਨੂੰ ਨਾਲ ਲੈ ਕੇ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਕਰਨ ਹਿਤ ਕੀਰਤਪੁਰ ਸਾਹਿਬ ਆਏ। ਹੋਣਹਾਰ 'ਮਨੀਏ' ਨੇ ਜਦੋਂ ਸਤਿਗੁਰਾਂ ਦੇ ਚਰਨਾਂ ਉੱਪਰ ਸੀਸ ਝੁਕਾਇਆ, ਤਾਂ ਸਤਿਗੁਰਾਂ ਨੇ ਸੁੰਦਰ ਸਰੂਪ ਤੇ ਹੋਣਹਾਰ 'ਮਨੀਏ' ਨੂੰ ਦੇਖ ਕੇ ਫੁਰਮਾਇਆ ਕਿ ਇਹ ਬਾਲਕ ਗੁਣਾਂ ਨਾਲ ਭਰਪੂਰ ਜਗਤ ਵਿਚ ਪ੍ਰਸਿੱਧੀ ਹਾਸਲ ਕਰੇਗਾ।

ਆਪ ਦਾ ਅਨੰਦ-ਕਾਰਜ 15 ਸਾਲ ਦੀ ਉਮਰ ਵਿਚ ਭਾਈ 'ਲਖੀਰਾਇ' ਦੀ ਸਪੁੱਤਰੀ ਬੀਬੀ ਸੀਤੋ ਬਾਈ (ਬਸੰਤ ਕੌਰ) ਜੀ ਨਾਲ ਹੋਇਆ। ਇਹ ਭਾਈ ਲਖੀ ਰਾਇ ਜੀ ਉਹੀ ਹਨ, ਜਿਨ੍ਹਾਂ ਨੇ ਨੌਵੇਂ ਸਤਿਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸਮੇਂ ਧੜ ਦਾ ਸਸਕਾਰ ਆਪਣਾ ਘਰ ਜਲਾ ਕੇ ਕੀਤਾ ਸੀ।

ਗੁਰੂ ਹਰਿਰਾਇ ਜੀ ਜੋਤੀ ਜੋਤ ਸਮਾਉਣ ਉਪਰੰਤ ਭਾਈ ਮਨੀ ਸਿੰਘ ਜੀ ਅੱਠਵੇਂ ਨਾਨਕ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਸੇਵਾ ਵਿਚ ਤਤਪਰ ਰਹੇ ਤੇ ਗੁਰੂ ਸਾਹਿਬ ਦੇ ਦਿੱਲੀ ਵਿਖੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਦੀ ਸੇਵਾ ਵਿਚ ਬਕਾਲੇ ਆ ਹਾਜ਼ਰ ਹੋਏ।

ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰਬ ਦੇ ਇਲਾਕਿਆਂ ਵਿਚ ਧਰਮ ਪ੍ਰਚਾਰ ਕਰਕੇ ਵਾਪਸ ਅਨੰਦਪੁਰ ਪੁੱਜੇ, ਤਾਂ ਭਾਈ ਮਨੀ ਸਿੰਘ ਜੀ ਵੀ ਅਨੰਦਪੁਰ ਸਾਹਿਬ ਆ ਗਏ। ਭਾਈ ਸਾਹਿਬ ਨੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਤੇ ਕਰਾਉਣ ਦੀ ਮਹਾਨ ਸੇਵਾ ਸੰਭਾਲੀ।ਆਪ ਜੀ ਸਿੱਖ ਸੰਗਤਾਂ ਨੂੰ ਰੋਜ਼ ਗੁਰਬਾਣੀ ਦੀ ਕਥਾ ਵੀ ਸੁਣਾਇਆ ਕਰਦੇ ਸਨ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦੀ ਪ੍ਰਾਪਤ ਕਰਨ ਲਈ ਦਿੱਲੀ ਗਏ, ਤਾਂ ਭਾਈ ਜੀ ਦੀ ਸੇਵਾ ਗੁਰੂ ਗੋਬਿੰਦ ਸਿੰਘ ਜੀ ਪਾਸ ਠਹਿਰਨ ਦੀ ਲੱਗੀ। ਦਸਮ ਪਾਤਸ਼ਾਹ

ਦੀ ਹਜ਼ੂਰੀ ਵਿਚ ਰਹਿ ਕੇ ਆਪ ਪੜ੍ਹਨ- ਪੜ੍ਹਾਉਣ ਤੇ ਲਿਖਣ-ਲਿਖਾਉਣ ਵਾਲੇ ਮਹਾਨ ਵਿਦਵਾਨ ਬਣ ਗਏ। ਸਤਿਗੁਰੂ ਜੀ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਨਾਹਨ ਪਧਾਰੇ, ਤਾਂ ਭਾਈ ਮਨੀ ਸਿੰਘ ਜੀ ਵੀ ਨਾਲ ਸਨ। 2 ਅਕਤੂਬਰ 1688 ਵਿਚ ਭੰਗਾਣੀ ਦਾ ਯੁੱਧ ਹੋਇਆ, ਜਿਸ ਵਿਚ ਭਾਈ ਮਨੀ ਸਿੰਘ ਜੀ ਨੇ ਬਾਕੀ ਗੁਰਸਿੱਖਾਂ ਨਾਲ ਰਲ ਕੇ ਸੂਰਮਤਾ ਦੇ ਜੌਹਰ ਵਿਖਾਏ। ਇਸੇ ਜੰਗ ਵਿਚ ਆਪ ਦੇ ਭਰਾ ਹਰੀ ਚੰਦ ਜੀ ਸ਼ਹੀਦੀ ਪਾ ਗਏ। ਇਸੇ ਤਰ੍ਹਾਂ 4 ਅਪ੍ਰੈਲ ਸੰਨ 1690 ਨੂੰ ਨਦੌਣ ਦੀ ਜੰਗ ਵਿਚ ਆਪ ਦੀ ਸੂਰਮਗਤੀ ਤੇ ਗੁਰੂ ਸਿਦਕ ਨੂੰ ਦੇਖ ਕੇ ਗੁਰੂ ਪਾਤਸ਼ਾਹ ਨੇ ਆਪ ਨੂੰ ਦੀਵਾਨ ਦੀ ਉਪਾਧੀ ਬਖਸ਼ੀ।

1699 ਈ: ਦੇ ਵੈਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਕੌਮ ਨੂੰ ਖ਼ਾਲਸਾ ਪਦ ਨਾਲ ਨਿਵਾਜਿਆ, ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਤੇ ਸਪੁੱਤਰਾਂ ਸਮੇਤ ਖੰਡੇ ਬਾਟੇ ਦੀ ਪਾਹੁਲ ਛਕੀ। ਆਪ ਜੀ ਦਾ ਨਾਮ 'ਮਨੀਏ' ਤੋਂ ਭਾਈ ਮਨੀ ਸਿੰਘ ਹੋਇਆ।

ਅੰਮ੍ਰਿਤਸਰ ਦੇ ਸਿੱਖਾਂ ਵਲੋਂ ਬੇਨਤੀ ਕਰਨ ਤੇ, ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੰਘਾਂ ਸਮੇਤ ਅੰਮ੍ਰਿਤਸਰ ਸ਼ਹਿਰ ਦਾ ਸਰਬਰਾਹ (ਪ੍ਰਬੰਧਕ) ਥਾਪ ਕੇ ਭੇਜਿਆ। ਦਰਬਾਰ ਸਾਹਿਬ ਵਿਖੇ ਭਾਈ ਸਾਹਿਬ ਨੇ ਮੀਣੇ (ਪ੍ਰਿਥੀ ਚੰਦ ਦੀ ਔਲਾਦ) ਦੀ ਚਲਾਈ ਮਰਿਯਾਦਾ ਨੂੰ ਬੰਦ ਕਰ ਕੇ ਗੁਰ-ਮਰਿਯਾਦਾ ਦਾ ਪ੍ਰਵਾਹ ਚਲਾਇਆ। ਅੰਮ੍ਰਿਤ ਪ੍ਰਚਾਰ ਦੀ ਲਹਿਰ ਵਿਚ ਵਾਧਾ ਕਰ ਕੇ ਸਿੱਖੀ ਦਾ ਭਰਪੂਰ ਪ੍ਰਚਾਰ ਕੀਤਾ।

ਜਦੋਂ 19-20 ਦਸੰਬਰ 1705 ਦੀ ਵਿਚਕਾਰਲੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ, ਤਾਂ ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਵਿਚ ਸਫ਼ਲ ਹੋ ਗਏ। ਮੁਕਤਸਰ ਦੀ ਜੰਗ ਤੋਂ ਬਾਅਦ ਜਦੋਂ ਗੁਰੂ ਜੀ 'ਸਾਬੋ ਕੀ ਤਲਵੰਡੀ' ਪਹੁੰਚੇ, ਤਾਂ ਭਾਈ ਮਨੀ ਸਿੰਘ ਜੀ 'ਗੁਰੂ ਕੇ ਮਹਿਲਾਂ' ਅਤੇ ਸੰਗਤ ਨੂੰ ਨਾਲ ਲੈ ਕੇ ਹਾਜ਼ਰ ਹੋਏ। ਇਥੇ 'ਦਮਦਮਾ ਸਾਹਿਬ' ਵਿਖੇ ਹੀ ਸਤਿਗੁਰਾਂ ਨੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਦੀ ਜ਼ਿੰਮੇਵਾਰੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਵਾਏ।

ਔਰੰਗਜ਼ੇਬ ਦੇ ਸੱਦੇ ਤੇ ਗੁਰੂ ਗੋਬਿੰਦ ਸਿੰਘ ਜੀ ਦੱਖਣ ਲਈ ਅਕਤੂਬਰ 1706 ਨੂੰ ਚੱਲੇ। ਮਾਤਾਵਾਂ ਨੂੰ ਵਾਪਸ ਦਿੱਲੀ ਭੇਜ ਦਿੱਤਾ। ਭਾਈ ਮਨੀ ਸਿੰਘ ਜੀ ਨਾਲ ਰਹੇ। ਬਘੌਰ ਪਹੁੰਚੇ ਤਾਂ ਖਬਰ ਮਿਲੀ ਕਿ ਔਰੰਗਜ਼ੇਬ ਮਰ ਗਿਆ ਹੈ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜ ਦਿੱਤਾ ਤੇ ਆਪ ਦਿੱਲੀ ਆ ਗਏ। ਅਪ੍ਰੈਲ 1708 ਨੂੰ ਬਹਾਦਰ ਸ਼ਾਹ ਦੇ ਬੇਨਤੀ ਕਰਨ ਤੇ ਗੁਰੂ ਸਾਹਿਬ ਉਸ ਨਾਲ ਦੱਖਣ ਨੂੰ ਚਲੇ। ਗੁਰੂ ਗੋਬਿੰਦ ਸਿੰਘ ਜੀ 21 ਅਕਤੂਬਰ 1708 ਨੂੰ ਨਾਂਦੇੜ ਵਿਖੇ ਜੋਤੀ ਜੋਤ ਸਮਾ ਗਏ।

1709 ਵਿਚ ਪੱਟੀ ਦੇ ਚੌਧਰੀ ਹਰਸਹਾਏ ਨੇ ਲਾਹੌਰ ਦੀ ਫੌਜ ਲੈ ਕੇ ਅੰਮ੍ਰਿਤਸਰ ਉੱਤੇ ਹਮਲਾ ਕੀਤਾ। ਭਾਈ ਮਨੀ ਸਿੰਘ ਜੀ ਨੇ ਲੱਕਤੋੜਵੀਂ ਹਾਰ ਦਿਤੀ।

ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਮਗਰੋਂ ਸ਼ਰਧਾ-ਵੱਸ ਕਈ ਸਿੰਘਾਂ ਨੇ ਬਾਬਾ ਬੰਦਾ ਸਿੰਘ ਜੀ ਨੂੰ ਗੁਰੂ ਮੰਨਣਾ ਸ਼ੁਰੂ ਕਰ ਦਿੱਤਾ ਸੀ। ਉਹ ਆਪਣੇ ਆਪ ਨੂੰ ਬੰਦਈ ਖਾਲਸਾ ਅਖਵਾਉਂਦੇ ਸਨ। ਮਹੰਤ ਅਮਰ ਸਿੰਘ 'ਖੇਮਕਰਨ' ਬੰਦਈਆਂ ਦਾ ਆਗੂ ਸੀ। ਬੰਦਈ ਇਕ ਦੂਜੇ ਨੂੰ ਮਿਲਣ ਵੇਲੇ ''ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ'' ਦੀ ਥਾਂ 'ਫਤਿਹ ਦਰਸ਼ਨ' ਬੁਲਾਉਂਦੇ ਸਨ। ਬੰਦਈਆਂ ਨੇ ਅੰਮ੍ਰਿਤਸਰ ਤੇ ਕਬਜ਼ਾ ਕਰਨ ਲਈ ਚਾਲੇ ਪਾ ਦਿੱਤੇ।

ਦੂਜੇ ਪਾਸੇ ਤੱਤ ਖਾਲਸੇ ਵੱਲੋਂ ਬਾਬਾ ਬਿਨੋਦ ਸਿੰਘ ਦੇ ਸਪੁੱਤਰ ਬਾਬਾ ਕਾਹਨ ਸਿੰਘ ਨੇ ਦਿਵਾਲੀ ਤੇ ਸਿੱਖਾਂ ਦਾ ਇਕੱਠ ਕਰਨ ਦਾ ਪ੍ਰੋਗਰਾਮ ਬਣਾਇਆ। ਦੋਵੇਂ ਧਿਰਾਂ ਅੰਮ੍ਰਿਤਸਰ ਪੁੱਜੀਆਂ ਤੇ ਦੋਵੇਂ ਧਿਰਾਂ ਆਪਣੇ ਆਪ ਨੂੰ ਜਾਇਜ਼ ਵਾਰਿਸ ਤੇ ਪ੍ਰਬੰਧਕ ਸਾਬਤ ਕਰਨ ਲਈ ਲੜਾਈ ਤੱਕ ਤਿਆਰ ਹੋ ਗਈਆਂ। ਸੰਗਤਾਂ ਨੇ ਦੋਵੇਂ ਧਿਰਾਂ ਦੇ ਇਸ ਸਮੇਂ ਝਗੜਾ ਨਾ ਕਰਨ ਦੀ ਗੱਲ ਮਨਾ ਲਈ, ਕਿਉਂ ਜੋ ਕਾਫੀ ਸਮੇਂ ਬਾਅਦ ਸਿੱਖ ਰਲ ਕੇ ਬੈਠੇ ਸਨ। ਦਿਵਾਲੀ ਤਾਂ ਆਰਾਮ ਨਾਲ ਗੁਜ਼ਰ ਗਈ, ਪਰ ਜਜ਼ਬੇ ਭੜਕੇ ਹੋਏ ਸਨ। ਇਸ ਲਈ ਕਿਸੇ ਸਦੀਵੀ ਹੱਲ ਦੀ ਲੋੜ ਸੀ। ਭਾਈ ਮਨੀ ਸਿੰਘ ਜੀ ਨੇ ਬੜੀ ਸਿਆਣਪ ਨਾਲ ਇਹ ਝਗੜਾ ਨਿਪਟਾਇਆ ਅਤੇ ਤੱਤ ਖਾਲਸਾ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਵਾਰਿਸ ਦ੍ਰਿੜ੍ਹ ਕਰਵਾਇਆ।

ਖਾਲਸੇ ਤੇ ਜ਼ੁਲਮ ਦਾ ਦੌਰ 1712 ਤੋਂ ਆਰੰਭ ਹੋਇਆ ਤੇ ਇਹ ਜ਼ੁਲਮ ਦੀ ਹਨੇਰੀ 1733 ਤੱਕ ਚੱਲੀ। ਅੰਤ ਸੂਬੇਦਾਰ ਲਾਹੌਰ ਨੇ ਦਿੱਲੀ ਹਕੂਮਤ ਪਾਸੋਂ ਆਗਿਆ ਲੈ ਕੇ ਸਿੰਘਾਂ ਨਾਲ ਸੁਲਾਹ ਕਰ ਲਈ ਤੇ 1733 ਦੀ ਵਿਸਾਖੀ ਨੂੰ ਸਿੰਘਾਂ ਨੂੰ ਨਵਾਬੀ ਭੇਂਟ ਕੀਤੀ। ਕੁਝ ਇਲਾਕੇ ਵੀ ਜਗੀਰ ਵਜੋਂ ਭੇਟ ਕੀਤੇ। ਸਿੰਘਾਂ ਇਸ ਦੌਰਾਨ ਆਪਣੀ ਤਾਕਤ ਨੂੰ ਹਰ ਪੱਖੋਂ ਜਥੇਬੰਦ ਕੀਤਾ। ਕੁਝ ਚਿਰ ਪਿੱਛੋਂ ਹਕੂਮਤ ਮੁੱਕਰ ਗਈ ਤੇ ਸਿੰਘਾਂ ਦੇ ਇਲਾਕੇ ਤੋਂ ਮਾਮਲਾ ਉਗਰਾਹਣ ਲੱਗੀ ਅਤੇ ਭੇਟ ਕੀਤੇ ਇਲਾਕੇ ਵਾਪਸ ਕਬਜ਼ੇ ਵਿਚ ਲੈ ਲਏ। ਸਿੰਘਾਂ ਤੇ ਜ਼ੁਲਮ ਦਾ ਦੌਰ ਇਕ ਵਾਰ ਫੇਰ ਆਰੰਭ ਹੋ ਗਿਆ।

ਇਸ ਵੇਲੇ ਭਾਈ ਮਨੀ ਸਿੰਘ ਜੀ ਅਤੇ ਕੁਝ ਸਿੰਘ ਦਰਬਾਰ ਸਾਹਿਬ ਵਿਚ ਰਹਿ ਰਹੇ ਸਨ। ਇਹਨਾਂ ਦੇ ਨਾਲ ਕੁਝ ਹਿੰਦੂ ਸਾਧੂ ਤੇ ਮੁਸਲਮਾਨ ਫਕੀਰ ਟਿਕੇ ਹੋਏ ਸਨ। ਭਾਈ ਮਨੀ ਸਿੰਘ ਜੀ ਆਪਣੇ ਸਾਧੂ ਸੁਭਾਉ ਕਰਕੇ ਬੜੇ ਹਰਮਨ-ਪਿਆਰੇ ਸਨ।

1734 ਦੀ ਵਿਸਾਖੀ ਨੇੜੇ ਆ ਰਹੀ ਸੀ। ਭਾਈ ਸਾਹਿਬ ਲਾਹੌਰ ਗਏ ਤੇ ਲਾਹੌਰ ਦੇ ਸਿੰਘਾਂ ਭਾਈ ਸੁਬੇਗ ਸਿੰਘ, ਸੂਰਤ ਸਿੰਘ ਆਦਿ ਰਾਹੀਂ ਵਿਸਾਖੀ ਦਾ ਮੇਲਾ ਕਰਨ ਲਈ ਸੂਬੇ ਨਾਲ ਗੱਲ ਤੋਰੀ। ਸੂਬੇ ਨੇ ਮੇਲਾ ਕਰਨ ਦੀ ਇਜ਼ਾਜ਼ਤ ਦੇ ਬਦਲੇ 10 ਹਜ਼ਾਰ ਰੁਪਏ ਟੈਕਸ ਮੰਗਿਆ। ਟੈਕਸ ਦੀ ਰਕਮ ਪੱਕੀ ਕਰਕੇ ਭਾਈ ਸਾਹਿਬ ਅੰਮ੍ਰਿਤਸਰ ਪਰਤੇ ਅਤੇ ਚਿੱਠੀਆਂ ਰਾਹੀਂ ਸਿੱਖਾਂ ਨੂੰ ਵਿਸਾਖੀ ਉੱਤੇ ਅੰਮ੍ਰਿਤਸਰ ਬੁਲਾਵਾ ਭੇਜਿਆ। ਮੇਲਾ ਦਸ ਦਿਨ ਰਹਿਣਾ ਸੀ। ਭਾਈ ਮਨੀ ਸਿੰਘ ਜੀ ਨੇ ਸੱਦੇ ਭੇਜੇ, ਪਰ ਉਧਰ ਸੂਬੇ ਨੇ ਦੀਵਾਨ ਲਖਪਤ ਰਾਏ ਦੇ ਮਾਤਹਿਤ ਬਹੁਤ ਸਾਰੀ ਫੌਜ ਭੇਜ ਦਿੱਤੀ, ਜਿਸ ਨੇ ਰਾਮ

ਤੀਰਥ ਤੇ ਜਾ ਡੇਰਾ ਲਾਇਆ। ਇਹਨਾਂ ਦੀ ਚਾਲ ਸੀ ਕਿ ਮੇਲੇ ਤੇ ਜਦੋਂ ਖਾਲਸਾ ਇਕੱਠਾ ਹੋਵੇਗਾ, ਤਾਂ ਹਮਲਾ ਕਰਕੇ ਖ਼ਾਲਸੇ ਨੂੰ ਤਬਾਹ ਕਰ ਦਿੱਤਾ ਜਾਵੇਗਾ। ਭਾਈ ਸਾਹਿਬ ਨੂੰ ਇਸ ਵਿਉਂਤ ਦਾ ਪਤਾ ਲੱਗ ਗਿਆ।

ਭਾਈ ਸਾਹਿਬ ਨੇ ਦੁਬਾਰਾ ਹੁਕਮ ਕਰ ਭੇਜਿਆ ਕਿ ਖਾਲਸਾ ਇਕੱਤਰ ਨਾ ਹੋਵੇ। ਭਾਈ ਸਾਹਿਬ ਦੇ ਹੁਕਮ ਅਨੁਸਾਰ ਖਾਲਸਾ ਇਕੱਤਰ ਨਾ ਹੋਇਆ। ਵਿਸਾਖੀ ਤੋਂ ਬਾਅਦ ਜਦੋਂ ਲਾਹੌਰ ਦਰਬਾਰ ਨੇ ਪੈਸੇ ਮੰਗੇ ਤਾਂ ਭਾਈ ਸਾਹਿਬ ਨੇ ਸਪੱਸ਼ਟ ਕਹਿ ਦਿੱਤਾ ਕਿ ਤੁਹਾਡੀ ਚਾਲ ਵਿਚ ਖਾਲਸਾ ਨਹੀਂ ਆਏਗਾ। ਇਕ ਪਾਸੇ ਤੁਹਾਡੇ ਫੌਜੀ ਦਸਤੇ ਖਾਲਸੇ ਨੂੰ ਖਤਮ ਕਰਨ ਲਈ ਗਸ਼ਤ ਕਰਨ ਤੇ ਦੂਜੇ ਪਾਸੇ ਤੁਹਾਨੂੰ ਪੈਸੇ ਦੇਈਏ। ਤੁਹਾਡਾ ਇਹ ਵਾਇਦਾ ਸੀ ਕਿ ਅਸੀਂ ਖਾਲਸੇ ਨੂੰ ਕੁਝ ਨਹੀਂ ਕਹਾਂਗੇ।ਇਸ ਲਈ ਕਾਹਦੇ ਲਈ ਪੈਸੇ ਤਾਰੀਏ। ਇਸ ਅਪਰਾਧ ਦਾ ਬਹਾਨਾ ਬਣਾ ਕੇ ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਜਾਇਆ ਗਿਆ। ਉਥੇ ਉਹਨਾਂ ਨੂੰ ਕਿਹਾ ਗਿਆ, ਜਾਂ ਮੁਸਲਮਾਨ ਹੋ ਜਾਓ, ਨਹੀਂ ਤਾਂ ਤੁਹਾਨੂੰ ਮਾਰ ਦਿੱਤਾ ਜਾਵੇਗਾ।

ਭਾਈ ਮਨੀ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਧਰਮ ਤਿਆਗਣੋਂ ਨਾਂਹ ਕਰ ਦਿੱਤੀ। ਜਲਾਦਾਂ ਨੇ ਭ. ਮਨੀ ਸਿੰਘ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਤੇ ਬਾਕੀ ਸਾਥੀਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸਾਕਾ 9 ਜੁਲਾਈ 1734 ਦਾ ਹੈ। ਇਸ ਤਰ੍ਹਾਂ 90 ਸਾਲ 3 ਮਹੀਨੇ ਦੀ ਵਡੇਰੀ ਉਮਰ ਵਿਚ ਭਾਈ ਮਨੀ ਸਿੰਘ ਜੀ ਤਸੀਹੇ ਸਹਿੰਦਿਆਂ ਦੁਨੀਆਂ ਦੇ ਸਭ ਤੋਂ ਵੱਡੀ ਉਮਰ ਦੇ ਸ਼ਹੀਦ ਹੋਏ ਹਨ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦੇ ਤੁਰੰਤ ਪਿੱਛੋਂ ਉਨ੍ਹਾਂ ਦੇ ਭਤੀਜੇ ਭਾਈ ਅੱਘੜ ਸਿੰਘ ਜੀ ਨੇ ਫਤਵੇ ਦੇਣ ਵਾਲੇ ਕਾਜ਼ੀ ਅਬਦੁਲ-ਰਜ਼ਾਕ ਦਾ ਸਿਰ ਵੱਢ ਕੇ ਕੀਤੇ ਪਾਪ ਦਾ ਫਲ ਭੁਗਤਾਇਆ ਤੇ ਦੱਸ ਦਿੱਤਾ ਕਿ ਸਿੱਖ ਤਾਂ ਸਾਹ ਤਦ ਹੀ ਲੈਂਦਾ ਹੈ, ਜਦੋਂ ਜ਼ਾਲਮ ਨਾਲ ਪੂਰਾ-ਪੂਰਾ ਲੇਖਾ ਜੋਖਾ ਕਰ ਲਵੇ।

-0-

੪. ਸ਼ਹੀਦ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਜੀ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਚੰਡਾਲ ਮੱਸਾ ਰੰਘੜ ਦਾ ਸਿਰ-ਵੱਢਣ ਵਾਲੇ ਸੂਰਬੀਰਾਂ ਭਾਈ ਮਹਿਤਾਬ ਸਿੰਘ ਮੀਰਾਂ ਕੋਟੀਆ ਤੇ ਭਾਈ ਸੁੱਖਾ ਸਿੰਘ ਕੰਬੋਕੇ ਦੇ ਨਾਮ ਨੂੰ ਕੌਣ ਨਹੀਂ ਜਾਣਦਾ। ਇਹਨਾਂ ਸੂਰਬੀਰਾਂ ਨੇ ਮੱਸਾ ਰੰਘੜ ਦਾ ਸਿਰ ਵੱਢ ਕੇ ਐਸੇ ਪੂਰਨੇ ਪਾਏ ਕਿ ਸਿੱਖ ਧਰਮ ਦੇ ਦੋਖੀਆਂ ਨੂੰ ਇਹ ਸਮਝ ਆ ਗਈ ਕਿ ਗੁਰਦੁਆਰਿਆਂ ਦੀ ਪਵਿੱਤਰਤਾ ਭੰਗ ਕਰਨ ਵਾਲੇ ਦੋਸ਼ੀਆਂ ਨੂੰ ਉਹੋ ਜਿਹੀ ਸਜ਼ਾ ਮਿਲਦੀ ਰਹੇਗੀ, ਜਿਹੋ ਜਿਹਾ ਹਸ਼ਰ ਮੱਸੇ ਰੰਘੜ ਦਾ ਹੋਇਆ ਸੀ।

ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ, ਜਾਤ ਦਾ ਤਰਖਾਣ ਬੜੇ ਜਜ਼ਬੇ ਵਾਲਾ ਸਿੰਘ ਸੀ। ਭਾਈ ਸੁੱਖਾ ਸਿੰਘ ਦੇ ਪਿਤਾ ਜੀ ਕੇਸਾਧਾਰੀ ਨਹੀਂ ਸਨ। ਬਾਰਾਂ ਬਰਸ ਦੀ ਆਯੂ

ਵਿਚ ਸੁੱਖਾ ਸਿੰਘ ਦਾ ਵਿਆਹ ਹੋ ਗਿਆ। ਸੁੱਖਾ ਸਿੰਘ ਦੇ ਮਨ ਵਿਚ ਸਿੱਖ ਬਨਣ ਦਾ ਜਜ਼ਬਾ ਜਾਗਿਆ ਤੇ ਉਸਨੇ ਅੰਮ੍ਰਿਤਸਰ ਜਾ ਕੇ ਖੰਡੇ ਬਾਟੇ ਦੀ ਪਾਹੁਲ ਛਕੀ ਤੇ ਸਿੰਘ ਸਜ ਗਿਆ। ਜਿਥੇ ਵੀ ਸੰਗਤ ਇਕੱਠੀ ਹੁੰਦੀ, ਸਿੰਘ ਜੀ ਉਥੇ ਹੀ ਸੇਵਾ ਤੇ ਸੰਗਤ ਲਈ ਪਹੁੰਚ ਜਾਂਦੇ। ਸਿੱਖੀ ਦਾ ਰੰਗ ਚੰਗਾ ਗੂੜ੍ਹਾ ਹੋ ਗਿਆ। ਜਿਹੜਾ ਕੋਈ ਸਿੰਘ ਉਸ ਨੂੰ ਮਿਲਦਾ, ਉਸਦੇ ਘਰ ਆਉਂਦਾ ਸੁੱਖਾ ਸਿੰਘ ਉਸਦੀ ਰੱਜ ਕੇ ਸੇਵਾ ਕਰਦਾ। ਮਾਤਾ ਪਿਤਾ ਮੁਗਲਾਂ ਦੇ ਅਤਿਆਚਾਰਾਂ ਤੋਂ ਡਰਦੇ ਸਨ ਤੇ ਉਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੇ ਪੁੱਤਰ ਦਾ ਸਿੱਖ ਹੋਣਾ ਉਨ੍ਹਾਂ ਲਈ ਕੋਈ ਆਫਤ ਦਾ ਕਾਰਨ ਬਣੇ, ਕਿਉਂਕਿ ਉਨ੍ਹੀਂ ਦਿਨੀਂ ਸਿੱਖੀ ਧਾਰਨ ਕਰਨੀ ਅੱਜ ਵਾਲੀ ਗੱਲ ਨਹੀਂ ਸੀ। ਸਿੱਖੀ ਨੂੰ ਧਾਰਨ ਕਰਨ ਤੋਂ ਭਾਵ ਸੀ ਕਿ ਮੌਤ ਨੂੰ ਵਿਆਹੁਣਾ। ਉਨ੍ਹੀਂ ਦਿਨੀਂ ਕਿਸੇ ਚੁਗਲਖ਼ੋਰ ਨੇ ਹਕੂਮਤ ਪਾਸ ਚੁਗਲੀ ਜਾ ਲਾਈ ਕਿ ਸੁੱਖਾ ਸਿੰਘ 'ਸਿੱਖ' ਸਜ ਗਿਆ ਹੈ, ਤਾਂ ਫੌਜ ਨੇ ਆ ਘੇਰਾ ਪਾਇਆ। ਸਬੱਬ ਨਾਲ ਸੁੱਖਾ ਸਿੰਘ ਉਸ ਸਮੇਂ ਘਰ ਨਹੀਂ ਸੀ, ਸੋ ਹਕੂਮਤ ਦੇ ਅੜਿੱਕੇ ਆਉਣ ਤੋਂ ਬਚ ਗਿਆ।

ਜਦੋਂ ਭਾਈ ਸੁੱਖਾ ਸਿੰਘ ਘਰ ਆਇਆ, ਤਾਂ ਮਾਤਾ ਪਿਤਾ ਨੇ ਬਥੇਰਾ ਸਮਝਾਇਆ ਕਿ ਅਸੀਂ ਸਿੱਖੀ ਤੋਂ ਕੀ ਲੈਣਾ, ਸਾਡਾ ਸਿੰਘਾਂ ਨਾਲ ਕੀ ਮੇਲ? ਅਸੀਂ ਨੀਵੀਂ ਜਾਤ ਦੇ ਤਰਖਾਣ ਹਾਂ, ਸਾਡਾ ਪਾਤਸ਼ਾਹੀ ਲੈਣ ਵਾਲਿਆਂ ਨਾਲ ਕੀ ਸਬੰਧ? ਪਰ ਮਾਤਾ ਪਿਤਾ ਦੀਆਂ ਗੱਲਾਂ ਦਾ ਸੁੱਖਾ ਸਿੰਘ ਤੇ ਕੋਈ ਅਸਰ ਨਾ ਹੋਇਆ। ਹੁਣ ਮਾਤਾ ਪਿਤਾ ਨੇ ਸੁੱਖਾ ਸਿੰਘ ਨਾਲ ਦਗਾ ਕਮਾਉਣ ਦੀ ਚਾਲ ਚਲੀ। ਰਾਤ ਨੂੰ ਖਾਣੇ ਸਮੇਂ ਕੋਈ ਐਸਾ ਨਸ਼ਾ ਪਿਲਾਇਆ, ਜਿਸ ਨਾਲ ਸੁੱਖਾ ਸਿੰਘ ਬੇਹੋਸ਼ ਹੋ ਗਿਆ। ਬੇਹੋਸ਼ੀ ਦੀ ਹਾਲਤ ਵਿਚ ਨਾਈ ਨੂੰ ਸੱਦ ਕੇ ਉਸਦੇ ਕੇਸ ਕਤਲ ਕਰਵਾ ਦਿੱਤੇ। ਜਦੋਂ ਸਵੇਰੇ ਸੁੱਖਾ ਸਿੰਘ ਨੂੰ ਹੋਸ਼ ਆਈ ਤੇ ਉਸ ਨੇ ਆਪਣੇ ਸਿਰ ਤੇ ਹੱਥ ਫੇਰਿਆ, ਤਾਂ ਉਸ ਨੂੰ ਰਾਤ ਵਾਲੀ ਵਾਪਰੀ ਘਟਨਾ ਦਾ ਪਤਾ ਲੱਗਿਆ। ਉਹ ਬਹੁਤ ਤੜਫਿਆ। ਉਸਨੇ ਮਨ ਵਿਚ ਇਹ ਮਤਾ ਪਕਾਇਆ ਕਿ ਮਾਤਾ ਪਿਤਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ, ਜਿਨ੍ਹਾਂ ਨੇ ਪਾਪ ਕਮਾਇਆ ਹੈ। ਪਰ ਫਿਰ ਉਸ ਦੇ ਮਨ ਨੇ ਸੋਚਿਆ ਕਿ ਮਾਤਾ ਪਿਤਾ ਨੂੰ ਮਾਰਨਾ ਵੀ ਵੱਡਾ ਗੁਨਾਹ ਹੈ। ਸੋ ਉਹ ਬਹੁਤ ਉਦਾਸ ਤੇ ਪਾਗਲਪਾਨ ਵਾਲੀ ਅਵਸਥਾ ਵਿਚ ਘਰੋਂ ਨੱਠ ਤੁਰਿਆ। ਉਹ ਨਹੀਂ ਸੀ ਚਾਹੁੰਦਾ ਕਿ ਬਿਨਾਂ ਕੇਸਾਂ ਦੇ ਜਿਉਂਦਾ ਰਹੇ। ਇਸ ਲਈ ਸੁੱਖਾ ਸਿੰਘ ਨੇ ਇਕ ਖੂਹ ਵਿਚ ਜਾ ਛਾਲ ਮਾਰੀ। ਖੂਹ ਵਿਚ ਪਾਣੀ ਥੋੜ੍ਹਾ ਸੀ, ਇਸ ਲਈ ਉਹ ਯਤਨ ਕਰਨ ਦੇ ਬਾਵਜੂਦ ਡੁੱਬ ਨਾ ਸਕਿਆ।

ਇੰਨੇ ਨੂੰ ਇਕ ਸਿੰਘ ਉਧਰ ਅਇਆ ਤੇ ਜਦੋਂ ਉਸ ਨੂੰ ਸੁੱਖਾ ਸਿੰਘ ਦੇ ਖੂਹ ਵਿਚ ਛਾਲ ਮਾਰਨ ਦਾ ਪਤਾ ਲਗਾ, ਤਾਂ ਉਸ ਨੇ ਖੂਹ ਕੋਲ ਆ ਕੇ ਸੁੱਖਾ ਸਿੰਘ ਨੂੰ ਇਸ ਤਰ੍ਹਾਂ ਸਮਝਾਇਆ ਕਿ ਸੁੱਖਾ ਸਿੰਘ! ਜੇ ਤੂੰ ਮਰਨਾ ਹੀ ਚਾਹੁੰਦਾ ਹੈ, ਤਾਂ ਜ਼ਾਲਮਾਂ ਨਾਲ ਟੱਕਰ ਲੈ ਤੇ ਸ਼ਹੀਦ ਹੋ। ਇਸ ਤਰ੍ਹਾਂ ਵਿਅਰਥ ਦੀ ਮੌਤ ਕਿਉਂ ਮਰ ਰਿਹਾ ਹੈ? ਜਿਹਨਾਂ ਜ਼ਾਲਮਾਂ ਨੇ ਸਾਡੇ ਗੁਰੂਆਂ ਤੇ ਸਿੱਖਾਂ ਨੂੰ ਦੁੱਖ ਦਿੱਤਾ ਹੈ, ਉਹਨਾਂ ਨੂੰ ਸਬਕ ਸਿਖਾਉਣ ਵਾਸਤੇ ਤੇਰੇ

ਵਰਗੇ ਯੋਧੇ ਦੀ ਲੋੜ ਹੈ।

ਭਾਈ ਸੁੱਖਾ ਸਿੰਘ ਨੂੰ 'ਸਿੰਘ' ਜੀ ਦੀ ਗੱਲ ਪਸੰਦ ਆ ਗਈ। ਉਹ ਸਿੰਘ ਜੀ ਦੇ ਆਖੇ ਲੱਗ ਕੇ ਖੂਹ ਵਿਚੋਂ ਨਿਕਲ ਆਇਆ ਅਤੇ ਜੱਥੇਦਾਰ ਸ਼ਾਮ ਸਿੰਘ ਦੇ ਜਥੇ ਵਿਚ ਜਾ ਰਲਿਆ।

ਭਾਈ ਸੁੱਖਾ ਸਿੰਘ ਹਰ ਪ੍ਰਕਾਰ ਦੀ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਹੋ ਗਿਆ ਸੀ। ਉਸ ਨੂੰ ਹੱਥ ਪਾਉਣਾ ਕੋਈ ਸੌਖੀ ਗੱਲ ਨਹੀਂ ਸੀ। ਜਿਥੇ ਵੀ ਲੜਾਈ-ਭਿੜਾਈ ਦੀ ਗੱਲ ਹੁੰਦੀ, ਭਾਈ ਸੁੱਖਾ ਸਿੰਘ ਮੋਹਰੀ ਹੋ ਕੇ ਪੁੱਜਦੇ। ਸ਼ਸ਼ਤਰਾਂ ਦੇ ਜੌਹਰ ਵਿਖਾ ਕੇ ਫਿਰ ਖਾਲਸੇ ਦੇ ਡੇਰੇ ਆ ਰਲਦੇ। ਭਾਈ ਸੁੱਖਾ ਸਿੰਘ ਬੰਦੂਕ ਚਲਾਉਣ ਵਿਚ ਨਿਪੁੰਨ ਸਨ। ਉਹਨਾਂ ਦਾ ਵਾਰ ਕਦੀ ਖਾਲੀ ਨਹੀਂ ਸੀ ਗਿਆ। ਤੀਰ ਐਸਾ ਚਲਾਉਂਦੇ ਸਨ ਕਿ ਸਵਾਰ ਜੇ ਘੋੜੇ ਤੇ ਹੋਵੇ ਤਾਂ ਹੇਠਾਂ ਫੁੜਕ ਪਵੇ। ਨੇਜਾ, ਸੇਲਾ, ਬਰਛੀ, ਤੇਗ ਚਲਾਉਣ ਵਿਚ ਐਸੀ ਮੁਹਾਰਤ ਸੀ ਕਿ ਦੁਸ਼ਮਣ ਦੇ ਪ੍ਰਾਣ ਕੱਢ ਲਿਆਉਂਦੇ ਸਨ। ਭਾਈ ਸੁੱਖਾ ਸਿੰਘ ਦੀ ਸੂਰਮਗਤੀ ਦੀ ਸਾਰੇ ਜਥੇ ਵਿਚ ਚਰਚਾ ਹੋਣੀ ਸ਼ੁਰੂ ਹੋ ਗਈ ਤੇ ਉਹ ਇਕ ਨਾਮੀ ਸੂਰਬੀਰ ਯੋਧਾ ਬਣ ਗਏ।

ਜਿਥੇ ਭਾਈ ਸੁੱਖਾ ਸਿੰਘ ਸ਼ਸ਼ਤਰ ਚਲਾਉਣ ਵਾਲਾ ਸੂਰਬੀਰ ਯੋਧਾ ਸੀ, ਉਥੇ ਗੁਰਬਾਣੀ ਦਾ ਰਸੀਆ ਤੇ ਸੇਵਾ ਕਰਨ ਵਾਲਾ ਚੰਗਾ ਗੁਰਸਿੱਖ ਸੇਵਕ ਵੀ ਸੀ। ਸੰਗਤ ਵਿਚ ਪੱਖਾ ਫੇਰਨਾ, ਲੰਗਰ ਵਿਚ ਲਕੜੀਆਂ ਲਿਆ ਕੇ ਅੱਗ ਬਾਲਣਾ, ਪਿਆਸਿਆਂ ਨੂੰ ਪਾਣੀ ਪਿਲਾਉਣ ਲਈ ਜਲ ਦੀ ਮਸ਼ਕ ਹਰ ਸਮੇਂ ਤਿਆਰ ਰੱਖਣੀ, ਭੁੱਖਿਆਂ ਨੂੰ ਲੰਗਰ ਛਕਾਉਣਾ, ਥੱਕੇ, ਟੁੱਟੇ ਸਿੰਘਾਂ ਦੀ ਮੁੱਠੀ ਚਾਪੀ ਕਰਨੀ, ਸਿੰਘਾਂ ਨੂੰ ਇਸ਼ਨਾਨ ਕਰਾਉਣਾ, ਇਹ ਉਹਨਾਂ ਦੀ ਨਿੱਤ ਦੀ ਕਾਰ ਸੇਵਾ ਸੀ।

ਭਾਈ ਸੁੱਖਾ ਸਿੰਘ ਕੀਰਤਨ ਦਾ ਵੀ ਚੰਗਾ ਪ੍ਰੇਮੀ ਸਨ। ਸਾਜ਼ ਵਜਾ ਕੇ ਮਧੁਰ ਕੀਰਤਨ ਕਰ ਲੈਂਦੇ ਸਨ। ਹਰ ਸਮੇਂ ਕਮਰਕੱਸਾ ਤਿਆਰ ਰੱਖਦੇ ਸਨ, ਤਾਂ ਕਿ ਮੁਹਿੰਮ ਤੇ ਜਾਣ ਸਮੇਂ ਦੇਰੀ ਨਾ ਹੋਵੇ।

ਆਪ ਜੀ ਨੇ ਜੀਵਨ ਭਰ ਲੜਾਈ ਮੁਹਿੰਮਾਂ ਵਿਚ ਹਿੱਸਾ ਲਿਆ, ਪਰ ਮੱਸੇ ਰੰਘੜ ਨੂੰ ਸੋਧਣਾ ਬਹੁਤ ਪ੍ਰਸਿੱਧ ਹੈ।

ਨਾਦਰਸ਼ਾਹ ਦੇ ਹਮਲੇ ਮਗਰੋਂ ਲਾਹੌਰ ਦੇ ਨਵਾਬ ਜ਼ਕਰੀਆ ਖਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਪ੍ਰਣ ਕਰ ਲਿਆ। ਸਾਰੇ ਸਰਕਾਰੀ ਅਫਸਰਾਂ ਤੇ ਚੌਧਰੀਆਂ ਨੂੰ ਸਖ਼ਤ ਹੁਕਮ ਚਾੜ੍ਹੇ ਗਏ ਕਿ ਜਿਥੇ ਵੀ ਕੋਈ ਸਿੱਖ ਲੱਭੇ, ਉਸ ਨੂੰ ਥਾਂ ਹੀ ਮਾਰ ਦਿਓ ਜਾਂ ਫੜ੍ਹ ਕੇ ਲਾਹੌਰ ਪਹੁੰਚਾਓ। ਸਿੱਖ ਦੀ ਗ੍ਰਿਫ਼ਤਾਰੀ ਕਰਾਉਣ ਲਈ ਸੂਹ ਦੇਣ ਵਾਲੇ ਨੂੰ, ਸਿੱਖ ਨੂੰ ਮਾਰਨ ਵਾਲੇ ਨੂੰ ਅਤੇ ਸਿੱਖ ਨੂੰ ਜਿਉਂਦਿਆਂ ਫੜ ਕੇ ਸਰਕਾਰ ਹਵਾਲੇ ਕਰਨ ਵਾਲੇ ਨੂੰ ਤਰਤੀਬ ਵਾਰ ਦੱਸ, ਪੰਜਾਹ ਤੇ ਅੱਸੀ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਛੀਨੇ ਦੇ ਕਰਮੇ, ਤਲਵੰਡੀ ਦੇ ਰਾਮੇ, ਰੰਧਾਵੇ ਤੇ ਨੌਸ਼ਹਿਰੇ ਢਾਲੇ ਦੇ ਸਾਹਿਬ ਰਾਇ ਸੰਧੂ ਨੇ ਹਜ਼ਾਰਾਂ ਬੇ-ਗੁਨਾਹ ਸਿੱਖਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ

ਮਰਵਾਇਆ। ਉਹਨਾਂ ਨੇ ਸਿੱਖਾਂ ਦੇ ਸੀਸਾਂ ਦੇ ਗੱਡੇ ਭਰ ਕੇ ਲਾਹੌਰ ਭੇਜੇ ਅਤੇ ਮੁਗਲ ਹਾਕਮਾਂ ਦੀਆਂ ਖੁਸ਼ੀਆਂ ਤੇ ਇਨਾਮ ਪ੍ਰਾਪਤ ਕੀਤੇ। ਜੰਡਿਆਲੇ ਦਾ ਹਰਿਭਗਤ ਨਿਰੰਜਨੀਆ, ਧਰਮ ਦਾਸ ਟੋਪੀ ਜੋਧ ਨਗਰੀਆ ਅਤੇ ਨੌਸ਼ਹਿਰੇ ਪਨੂੰਆਂ ਤੇ ਮਜੀਠੇ ਦੇ ਚੌਧਰੀ ਵੀ ਇਸ ਕੰਮ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ।

ਪਰ ਸਾਰਿਆਂ ਚੌਧਰੀਆਂ ਵਿਚ ਸਭ ਤੋਂ ਬਹੁਤਾ ਸਖ਼ਤ ਤੇ ਸਰਗਰਮ ਮੰਡਿਆਲੀ ਦਾ ਚੌਧਰੀ ਮੱਸਾ ਰੰਗੜ ਸੀ। ਹਕੂਮਤ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਲਿਆ ਅਤੇ ਮੱਸੇ ਰੰਗੜ ਦੇ ਹਵਾਲੇ ਕਰ ਦਿੱਤਾ। ਉਸ ਨੇ ਪ੍ਰਕਰਮਾ ਵਿਚ ਘੋੜੇ ਬੰਨ੍ਹੇ ਅਤੇ ਦਰਬਾਰ ਸਾਹਿਬ ਨੂੰ ਉਸ ਨੇ ਨਾਚ-ਘਰ ਬਣਾ ਲਿਆ। ਉਹ ਉਥੇ ਪਲੰਘ ਡਾਹ ਕੇ ਹੁੱਕਾ ਤੇ ਸ਼ਰਾਬ ਪੀਆ ਕਰੇ ਅਤੇ ਕੰਜਰੀਆਂ ਦਾ ਮੁਜਰਾ ਲਵਾਇਆ ਕਰੇ। ਚਾਰੇ ਪਾਸੇ ਪਹਿਰਾ ਲੱਗਾ ਹੋਇਆ ਸੀ। ਬਿਨਾਂ ਆਗਿਆ ਕੋਈ ਅੰਦਰ ਨਹੀਂ ਸੀ ਜਾ ਸਕਦਾ। ਇਸ ਅਤਿ ਦਰਜੇ ਦੀ ਸਖ਼ਤੀ ਕਾਰਨ ਸਿੰਘ ਬੀਕਾਨੇਰ ਆਦਿ ਰੇਤਲੇ ਇਲਾਕਿਆਂ ਵਿਚ ਜਾ ਟਿਕੇ ਸਨ। ਅਜਿਹੇ ਸਿੱਖਾਂ ਦਾ ਇਕ ਜਥਾ ਜੈਪੁਰ ਰਹਿੰਦਾ ਸੀ। ਉਹਨਾਂ ਨੂੰ ਸਿੱਖਾਂ ਦੇ ਜਸੂਸ ਸ: ਬੁਲਾਕਾ ਸਿੰਘ ਨੇ ਦਰਬਾਰ ਸਾਹਿਬ ਦੀ ਬੇ-ਅਦਬੀ ਦੀ ਖਬਰ ਜਾ ਦੱਸੀ।

ਭਾਈ ਮਹਿਤਾਬ ਸਿੰਘ ਮੀਰਾਂ ਕੋਟ ਦਾ ਰਹਿਣ ਵਾਲਾ ਦਲੇਰ ਤੇ ਸੂਰਮਾ ਜਵਾਨ ਸੀ। ਇਹ ਖਬਰ ਸੁਣ ਕੇ ਉਸਨੂੰ ਰੋਹ ਚੜ੍ਹ ਗਿਆ। ਉਸਨੇ ਕਿਹਾ, "ਚੰਗਾ ਮੈਂ ਜਾਂਦਾ ਹਾਂ ਅਤੇ ਮੱਸੇ ਦਾ ਸਿਰ ਕੱਟ ਕੇ ਲਿਆਉਂਦਾ ਹਾਂ।" ਭਾਈ ਸੁੱਖਾ ਸਿੰਘ ਮਾੜੀ ਕੰਬੋ ਵੀ ਭਾਈ ਮਹਿਤਾਬ ਸਿੰਘ ਦੇ ਨਾਲ ਤਿਆਰ ਹੋ ਪਏ। ਅੰਮ੍ਰਿਤਸਰ ਦੇ ਨੇੜੇ ਪਹੁੰਚ ਕੇ ਉਹਨਾਂ ਨੇ ਦੋ ਬੋਰੀਆਂ ਠੀਕਰੀਆਂ ਦੀਆਂ ਭਰ ਕੇ ਅੱਗੇ ਕਾਠੀਆਂ ਉੱਪਰ ਰੱਖ ਲਈਆਂ ਅਤੇ ਭੇਸ ਵਟਾ ਲਿਆ। ਇਉਂ ਜਾਪਦਾ ਸੀ ਕਿ ਮੁਸਲਮਾਨ ਨੰਬਰਦਾਰ ਮਾਮਲਾ ਤਾਰਨ ਜਾ ਰਹੇ ਹਨ।

26 ਅਗਸਤ ਸੰਨ 1740 ਵਿਚ ਉਹ ਅੰਮ੍ਰਿਤਸਰ ਪਹੁੰਚੇ ਤੇ ਰਵਾ ਰਵੀਂ ਦਰਬਾਰ ਸਾਹਿਬ ਜਾ ਪੁੱਜੇ। ਆਪਣੇ ਘੋੜੇ ਉਹਨਾਂ ਨੇ ਦਰਸ਼ਨੀ ਡਿਉੜੀ ਦੇ ਬਾਹਰ ਲਾਚੀ ਬੇਰ ਨਾਲ ਬੰਨ੍ਹ ਦਿੱਤੇ ਤੇ ਇਕ ਇਕ ਬੋਰੀ ਲੈ ਕੇ ਦਰਬਾਰ ਸਾਹਿਬ ਦੇ ਅੰਦਰ ਜਾ ਵੜੇ। ਅੱਗੇ ਮੱਸਾ ਰੰਗੜ ਨਸ਼ੇ ਵਿਚ ਗੁੱਟ ਹੋਇਆ ਹੁੱਕਾ ਪੀ ਰਿਹਾ ਸੀ। ਕੰਜਰੀਆਂ ਦਾ ਮੁਜਰਾ ਲੱਗਾ ਹੋਇਆ ਸੀ। ਇਹ ਝਾਕੀ ਵੇਖ ਕੇ ਸਿੰਘ ਸੂਰਬੀਰਾਂ ਦਾ ਲਹੂ ਉਬਾਲੇ ਖਾ ਉਠਿਆ। ਭਾਈ ਸੁੱਖਾ ਸਿੰਘ ਜੀ ਤਾਂ ਦਰਬਾਰ ਸਾਹਿਬ ਦੇ ਦਰਵਾਜ਼ੇ ਪਾਸ ਪਹਿਰੇ ਤੇ ਖੜ੍ਹੇ ਹੋ ਗਏ। ਭਾਈ ਮਹਿਤਾਬ ਸਿੰਘ ਜੀ ਨੇ ਬੋਰੀ ਪਲੰਘ ਹੇਠਾਂ ਸੁੱਟ ਦਿੱਤੀ ਤੇ ਕਿਹਾ ਮਾਮਲਾ ਹਾਜ਼ਰ ਹੈ। ਜਦੋਂ ਮੱਸੇ ਨੇ ਪਲੰਘ ਹੇਠਾਂ ਝੁੱਕ ਕੇ ਵੇਖਿਆ ਤਾਂ ਸਰਦਾਰ ਮਹਿਤਾਬ ਸਿੰਘ ਜੀ ਬਿਜਲੀ ਵਾਂਗ ਝਪਟ ਪਏ ਅਤੇ ਤਲਵਾਰ ਦੇ ਇਕੋ ਵਾਰ ਨਾਲ ਉਸ ਦੀ ਗਰਦਨ ਲਾਹ ਦਿਤੀ। ਮੱਸੇ ਦੇ ਸਭੇ ਸਾਥੀ ਘਬਰਾ ਕੇ ਇੱਧਰ-ਉੱਧਰ ਨੱਸ ਗਏ ਅਤੇ ਹੋਰ ਜਿਹੜੇ ਵੀ ਅੜੇ ਉਹਨਾਂ ਨੂੰ ਵੀ ਝਾੜ ਦਿੱਤਾ। ਸਭ ਦੇ ਸੰਭਲਣ ਤੋਂ ਪਹਿਲਾਂ ਪਹਿਲਾਂ ਦੋਵੇਂ ਸੂਰਬੀਰ

ਮੱਸੇ ਦਾ ਸਿਰ ਲੈ ਕੇ ਘੋੜਿਆਂ ਤੇ ਚੜ੍ਹ ਕੇ ਹਵਾ ਹੋ ਗਏ।

ਮੱਸੇ ਦੀ ਮੌਤ ਦਾ ਹਾਲ ਸੁਣ ਕੇ ਲਾਹੌਰ ਦਾ ਸੂਬਾ, ਜ਼ਕਰੀਆ ਖਾਂ, ਲੋਹਾ ਲਾਖਾ ਹੋ ਗਿਆ। ਉਸ ਨੇ ਅੰਮ੍ਰਿਤਸਰ ਦੇ ਆਲੇ-ਦੁਆਲੇ ਦੇ ਚੌਧਰੀਆਂ ਨੂੰ ਸੱਦ ਕੇ ਕਿਹਾ ਕਿ ਮੱਸੇ ਦੇ ਕਾਤਲਾਂ ਨੂੰ ਫੜ ਕੇ ਪੇਸ਼ ਕਰੋ। ਹਰਭਗਤ ਨਿਰੰਜਨੀਏ ਨੇ ਮੁਖਬਰੀ ਕੀਤੀ ਕਿ ਇਹ ਕਾਰਾ ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਤੇ ਭਾਈ ਸੁੱਖਾ ਸਿੰਘ ਨੇ ਕੀਤਾ ਹੈ। ਸੂਬੇ ਦੇ ਹੁਕਮ ਨਾਲ ਨੂਰਦੀਨ ਫੌਜਦਾਰ ਨੇ ਮੀਰਾਂ ਕੋਟ ਦੁਆਲੇ ਘੇਰਾ ਪਾਇਆ। ਭਾਈ ਮਹਿਤਾਬ ਸਿੰਘ ਤਾਂ ਉਥੇ ਹੈ ਹੀ ਨਹੀਂ ਸਨ, ਪਰ ਉਹਨਾਂ ਦਾ ਨਿੱਕਾ ਜਿਹਾ ਪੁੱਤਰ ਰਾਇ ਸਿੰਘ ਪਿੰਡ ਵਿਚ ਸੀ। ਭਾਈ ਮਹਿਤਾਬ ਸਿੰਘ ਨੇ ਪਿੰਡੋਂ ਜਾਣ ਸਮੇਂ ਆਪਣੇ ਪੁੱਤਰ ਦੀ ਬਾਂਹ ਪਿੰਡ ਦੇ ਪੈਂਚ ਨੱਥੇ ਖਹਿਰੇ ਨੂੰ ਫੜਾਈ ਸੀ। ਨੂਰਦੀਨ ਨੇ ਨੱਥੇ ਨੂੰ ਕਿਹਾ ਕਿ ਇਹ ਲੜਕਾ ਮੇਰੇ ਹਵਾਲੇ ਕਰੋ। ਨੱਥਾ ਨਹੀਂ ਚਾਹੁੰਦਾ ਸੀ ਕਿ ਜਿਸ ਮਾਸੂਮ ਦੀ ਬਾਂਹ ਉਸ ਨੂੰ ਫੜਾਈ ਗਈ ਸੀ, ਉਸਨੂੰ ਉਹ ਇਹਨਾਂ ਕਸਾਈਆਂ ਦੇ ਹਵਾਲੇ ਕਰ ਦੇਵੇ। ਉਹ ਤਿੰਨ ਚਾਰ ਆਦਮੀ ਨਾਲ ਲੈ ਕੇ ਰਾਇ ਸਿੰਘ ਨੂੰ ਮੋਢੇ ਤੇ ਚੁੱਕ ਕੇ ਪਿਛਲੇ ਪਾਸਿਓ ਦੀ ਪਿੰਡੋਂ ਨਿਕਲ ਤੁਰਿਆ। ਨੂਰਦੀਨ ਦੇ ਬੰਦਿਆਂ ਨੂੰ ਪਤਾ ਲੱਗ ਗਿਆ। ਉਹਨਾਂ ਨੇ ਪਿੱਛਾ ਕੀਤਾ ਤੇ ਥੋੜ੍ਹੀ ਦੂਰ ਜਾ ਘੇਰਿਆ। ਲੜਾਈ ਹੋਈ ਤਾਂ ਨੱਥਾ ਤੇ ਉਸ ਦੇ ਸਾਥੀ ਬੱਚੇ ਦੀ ਰੱਖਿਆ ਕਰਦੇ ਮਾਰੇ ਗਏ। ਰਾਇ ਸਿੰਘ ਵੀ ਸਖ਼ਤ ਫੱਟੜ ਹੋ ਗਿਆ। ਉਸਨੂੰ ਮਰ ਗਿਆ ਸਮਝ ਕੇ ਫੌਜੀ ਚਲੇ ਗਏ। ਉਹ ਇਕ ਇਸਤਰੀ ਦੀ ਨਜ਼ਰੇ ਪੈ ਗਿਆ। ਉਹ ਉਸ ਨੂੰ ਘਰ ਲੈ ਗਈ। ਸੇਵਾ ਟਹਿਲ ਕਰਨ ਤੇ ਰਾਇ ਸਿੰਘ ਰਾਜ਼ੀ ਹੋ ਗਿਆ।

ਸੰਨ 1745 ਵਿਚ ਭਾਈ ਮਹਿਤਾਬ ਸਿੰਘ ਜੀ ਆਪਣੇ ਬਾਲ ਬੱਚੇ ਨੂੰ ਮਿਲਣ ਵਾਸਤੇ ਪਿੰਡ ਆਏ। ਕਿਸੇ ਨੇ ਚੁਗਲੀ ਜਾ ਲਾਈ। ਭਾਈ ਸਾਹਿਬ ਫੜੇ ਗਏ ਅਤੇ ਲਾਹੌਰ ਲਿਆਂਦੇ ਗਏ। ਉਥੇ ਉਹਨਾਂ ਨੂੰ 16 ਜੁਲਾਈ 1745 ਈ. ਨੂੰ ਚਰਖੜੀ ਤੇ ਚਾੜ੍ਹਿਆ ਗਿਆ ਅਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਕੁਝ ਸਮੇਂ ਪਿੱਛੋਂ ਭਾਈ ਸੁੱਖਾ ਸਿੰਘ ਜੀ ਵੀ ਫੜੇ ਗਏ ਅਤੇ ਬੜੀ ਬੇ-ਰਹਿਮੀ ਨਾਲ ਸ਼ਹੀਦ ਕੀਤੇ ਗਏ।

-0-

ਫਿਲਾਸਫੀ

9. ਜੀਵਨ ਮਨੋਰਥ

ਇਸ ਸੰਸਾਰ ਵਿਚ ਵੱਖ-ਵੱਖ ਮੱਤਾਂ ਦੇ ਆਪੋ-ਆਪਣੇ ਜੀਵਨ ਮਨੋਰਥ ਹਨ। ਕੋਈ "Eat, drink & be marry" ਭਾਵ ਖਾਓ, ਪੀਓ ਅਤੇ ਐਸ਼ ਕਰੋ ਨੂੰ ਹੀ ਜੀਵਨ ਮਨੋਰਥ ਸਮਝੀ ਬੈਠਾ ਹੈ, ਤਾਂ ਕੋਈ ਪਦਾਰਥਕ ਵਿਕਾਸ ਨੂੰ ਹੀ ਜੀਵਨ ਮਨੋਰਥ ਬਿਆਨਦਾ ਹੈ। ਪਰ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ, ਜੁੱਲੀ ਸਬੰਧੀ ਸਾਰੇ ਹੀ ਇਕਮਤ ਹਨ ਅਤੇ ਆਪਣੇ ਸੋਚ ਦਾਇਰੇ ਨੂੰ ਇਸ ਵੱਲ ਕੇਂਦਰਤ ਕਰਦੇ ਹਨ।

ਗੁਰਮਤਿ ਇਨ੍ਹਾਂ ਸਾਰਿਆਂ ਤੋਂ ਉਪਰ ਅਨੰਦਮਈ ਜੀਵਨ ਜੀਊਣ ਨੂੰ ਹੀ ਜੀਵਨ ਮਨੋਰਥ ਬਿਆਨਦੀ ਹੈ।

ਗੁਰਮਤਿ ਅਨੁਸਾਰ ਮਨੁੱਖ ਅਕਾਲ ਪੁਰਖ ਵਾਹਿਗੁਰੂ ਦੀ ਉੱਤਮ ਘਾੜਤ ਹੈ ਅਤੇ ਅਕਾਲ ਪੁਰਖ ਨੇ ਮਨੁੱਖੀ ਜਾਮੇ ਨੂੰ ਵਿਚਾਰਨ ਦੀ ਸ਼ਕਤੀ ਬਖਸ਼ਿਸ਼ ਕੀਤੀ ਹੈ। ਮਨੁੱਖ ਵਿਚ ਹੋਰਨਾਂ ਜੂਨਾਂ ਨਾਲੋਂ ਉੱਤਮ ਮਨ, ਬੁੱਧੀ ਤੇ ਵਿਚਾਰਨ ਦੀ ਸ਼ਕਤੀ ਹੋਣ ਕਰਕੇ ਇਹ ਸਾਰੀਆਂ ਜੂਨਾਂ ਦਾ ਸਰਦਾਰ ਗਿਣਿਆ ਜਾਂਦਾ ਹੈ। ਇਸੇ ਲਈ ਸਿਆਣਿਆਂ ਦਾ ਕਹਿਣਾ ਹੈ, ''ਜਿਨ੍ਹਾਂ ਮਨੁੱਖਾਂ ਕੋਲ ਵਿੱਦਿਆ ਦਾ ਧਨ ਨਹੀਂ, ਸੱਚਾ-ਸੁੱਚਾ ਆਚਾਰ ਨਹੀਂ, ਧਰਮੀ ਵਿਹਾਰ ਤੇ ਚੰਗੇ ਗੁਣ ਨਹੀਂ, ਉਹ ਇਸ ਸੰਸਾਰ 'ਚ ਪਸ਼ੂਆਂ ਦੇ ਸਮਾਨ ਹਨ ਤੇ ਧਰਤੀ ਤੇ ਬੋਝ ਹਨ।''

ਭਾਵੇਂ ਕ੍ਰਿਆਵਾਂ ਦੇ ਹਿਸਾਬ ਨਾਲ ਮਨੁੱਖਾਂ ਅਤੇ ਜਾਨਵਰਾਂ ਵਿਚ ਕਈ ਤਰ੍ਹਾਂ ਦੀਆਂ ਸਮਾਨਤਾਵਾਂ ਹਨ। ਇਥੋਂ ਤੱਕ ਕਿ ਕਈ ਗੱਲਾਂ 'ਚ ਜਾਨਵਰਾਂ 'ਚ ਮਨੁੱਖ ਨਾਲੋਂ ਸਿਆਣਪ ਵਧੇਰੇ ਵੀ ਹੈ। ਮੀਂਹ ਪੈਣਾ ਹੋਵੇ, ਕੀੜੀਆਂ ਆਪਣੇ ਆਂਡੇ ਚੁੱਕ ਕੇ ਤੁਰ ਪੈਂਦੀਆਂ ਹਨ। ਕੋਈ ਬਿਮਾਰੀ ਪੈਣੀ ਹੋਵੇ, ਜਾਨਵਰ ਉਸ ਥਾਂ ਨੂੰ ਛੱਡਕੇ ਕਿਤੇ ਹੋਰ ਚਲੇ ਜਾਂਦੇ ਹਨ। ਸੁਭਾਵਕ ਬੁੱਧੀ ਪਸ਼ੂਆਂ ਵਿਚ ਵੀ ਹੁੰਦੀ ਹੈ, ਪਰ ਮਨੁੱਖ ਵਿਚ ਸੁਭਾਵਕ ਬੱਧੀ ਦੇ ਨਾਲ ਬੁੱਧੀ ਦੀ ਬਿਬੇਕਤਾ ਵੀ ਹੁੰਦੀ ਹੈ। ਬਿਬੇਕ ਬੁੱਧੀ ਸਦਕਾ ਮਨੁੱਖ, ਜਾਨਵਰਾਂ ਦੇ ਮੁਕਾਬਲੇ ਵਧੇਰੇ ਚਿੰਤਨ ਸ਼ੀਲ ਹੈ। ਗੁਰੂ ਨਾਨਕ ਸਾਹਿਬ ਜੀ ਅਨੁਸਾਰ ਧਰਮ ਮਨੁੱਖ ਨੂੰ ਵਧੀਆ ਤੇ ਅਨੰਦਮਈ ਜੀਵਨ ਜੀਊਣ ਦੀ ਜਾਚ ਸਿਖਾਉਂਦਾ ਹੈ। ਅਨੰਦਮਈ ਜੀਵਨ ਜੀਉਣ ਲਈ ਮਨੁੱਖ ਨੂੰ ਗੁਰਮਤਿ ਨੇ ਇੰਝ ਸਮਝਾਇਆ ਹੈ:

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ (ਪੰਨਾ-815)

ਭਾਵ ਕਿ ਉੱਦਮ (ਮਿਹਨਤ) ਕਰਨ ਨਾਲ ਤਨ ਤੇ ਮਨ 'ਚ ਅਨੰਦ (ਖੇੜਾ) ਪੈਦਾ ਹੁੰਦਾ ਹੈ ਅਤੇ ਅਕਾਲ ਪੁਰਖ ਦੇ ਸ਼ੁਕਰਾਨੇ 'ਚ ਸਰਵੋਤਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਸ ਅਕਾਲ ਪੁਰਖ ਦੀ ਯਾਦ 'ਚ ਜੀਵਨ ਬਤੀਤ ਕਰਨਾ ਹੀ ਪੂਰਨ ਵਿਚਾਰ ਵਾਲਾ ਜੀਵਨ ਹੈ।

ਜੀਵਨ ਮਨੋਰਥ ਨੂੰ ਹੋਰ ਸਪੱਸ਼ਟ ਕਰਦਿਆਂ ਗੁਰਬਾਣੀ ਦਾ ਫੁਰਮਾਨ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥1॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ (ਪੰਨਾ-12)

ਭਾਵ ਕਿ ਇਹ ਜੋ ਮਨੁੱਖਾ ਦੇਹੀ ਸਾਨੂੰ ਪ੍ਰਾਪਤ ਹੋਈ ਹੈ, ਇਹ ਉਸ ਪਰਮਾਤਮਾ ਨੂੰ ਮਿਲਣ ਦਾ ਇਕ ਸੁਨਹਿਰੀ ਮੌਕਾ ਹੈ। ਇਸ ਲਈ ਹੇ ਮਨੁੱਖ! ਤੂੰ ਸਾਧ-ਸੰਗਤ ਵਿਚ ਜਾ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ ਤੇ ਇਸ ਈਰਖਾ, ਦਵੈਸ਼ ਦੇ ਸੜਦੇ-ਬਲਦੇ ਸੰਸਾਰ ਨੂੰ ਤਰਨ ਦੇ ਆਹਰੇ ਲੱਗ ਕਿਉਂਕਿ ਤੇਰਾ ਇਹ ਮਨੁੱਖਾ ਜਨਮ ਮਾਇਆ ਦੇ ਰੰਗਾਂ 'ਚ ਬਿਰਥਾ ਜਾ ਰਿਹਾ ਹੈ। ਮਨੁੱਖ ਨੂੰ ਅਮੁੱਲਾ ਜੀਵਨ ਜੋ ਅਕਾਲ ਪੁਰਖ ਨੇ ਬਖ਼ਸ਼ਿਸ਼ ਕੀਤਾ ਹੈ, ਇਸ ਨੂੰ ਸਫ਼ਲ ਕਰਨ ਲਈ ਗੁਰੂ ਪਾਤਸ਼ਾਹ ਫੁਰਮਾਉਂਦੇ ਹਨ:

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ (ਪੰਨਾ-43)

ਭਾਵ, ਹੇ ਪ੍ਰਾਣੀ! ਤੂੰ ਸੰਸਾਰ ਵਿਚ ਲਾਹਾ ਲੈਣ ਲਈ ਆਇਆ ਹੈਂ, ਤੇਰਾ ਜੀਵਨ (ਰੂਪੀ ਰਾਤ) ਐਵੇਂ ਮੁਕਦੀ ਜਾ ਰਹੀ ਹੈ। ਇਸ ਲਈ ਤੂੰ ਉੱਦਮਸ਼ੀਲ ਹੋ ਕੇ ਆਪਣਾ ਜੀਵਨ ਸੰਭਾਲ, ਸੰਸਾਰ ਤੇ ਸਫਲਾ ਕਰ ਤੇ ਅਨੰਦ ਮਈ ਜੀਵਨ ਬਤੀਤ ਕਰਨ ਲਈ ਯਤਨਸ਼ੀਲ ਹੋ।

ਗੁਰਮਤਿ ਵਿਚ ਜਿਥੇ ਪਰਮਾਤਮਾ ਦੀ ਯਾਦ ਮਨ 'ਚ ਵਸਾਉਣ ਦਾ ਮਨੋਰਥ ਦੱਸਿਆ ਗਿਆ ਹੈ, ਉਥੇ ਸਬਰ-ਸੰਤੋਖ ਵਾਲਾ ਸੰਜਮੀ ਜੀਵਨ ਜੀਊਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਵਾਸ਼ਨਾਵਾਂ ਤੇ ਕਾਬੂ ਪਾ ਕੇ ਇਨ੍ਹਾਂ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਨੀ ਅਤੇ ਸਰੀਰ ਨੂੰ ਅਰੋਗ ਰੱਖਣਾ ਮਨ ਦੀ ਸ਼ਾਂਤੀ ਲਈ ਬਹੁਤ ਜ਼ਰੂਰੀ ਹਨ। ਜਿਥੇ ਅਜਿਹਾ ਜੀਵਨ ਇਕ ਸੁਖਮਈ ਹੁੰਦਾ ਹੈ, ਉਥੇ ਮਨ ਦੇ ਟਿਕਾਓ ਲਈ ਪਰਮਾਤਮਾ ਦੀ ਯਾਦ 'ਚ ਰਹਿਣਾ ਵੀ ਜੀਵਨ ਲਈ ਬੜਾ ਜ਼ਰੂਰੀ ਹੈ।

ਗੁਰਮਤਿ ਨੇ ਇਸ ਮਨੁੱਖਾ ਜੀਵਨ ਨੂੰ ਅਨੰਦਮਈ ਬਨਾਉਣ ਲਈ ਗ੍ਰਹਿਸਤ ਜੀਵਨ ਦੀ ਪ੍ਰਦਾਨਤਾ ਦੱਸੀ ਹੈ। ਗ੍ਰਹਿਸਤੀ ਜੀਵਨ ਵਿਚ ਜਿਥੇ ਪਰਿਵਾਰਕ ਸੁਖ ਮਿਲਦਾ ਹੈ, ਉਥੇ ਪਦਾਰਥਕ ਵਿਕਾਸ ਹੋਣ ਦੇ ਨਾਲ-ਨਾਲ ਮਾਨਸਿਕ ਸ਼ਾਤੀ ਵੀ ਮਿਲਦੀ ਹੈ, ਜੋ ਸਿਮਰਨ ਵਿਚ ਸਹਾਈ ਹੁੰਦੀ ਹੈ। ਗ੍ਰਹਿਸਤੀ ਜੀਵਨ ਵਿਚ ਕੁਦਰਤ ਨਾਲ ਇਕਮਿਕਤਾ ਹਾਸਲ ਹੁੰਦੀ ਹੈ ਅਤੇ ਵਿਕਾਰਾਂ ਤੇ ਕਾਬੂ ਪਾਉਣ ਦੀ ਸਮਰੱਥਾ ਬਣਦੀ ਹੈ।

ਗੁਰਮਤਿ ਵਿਚ ਜੋਗੀਆਂ ਵਾਂਗ ਇਕੱਲੇ ਬੈਠਕੇ ਨਾਮ-ਸਿਮਰਨ ਦੀ ਧਾਰਨਾ ਨੂੰ ਰੱਦ ਕੀਤਾ ਗਿਆ ਹੈ ਅਤੇ 'ਹਸੰਦਿਆ ਖੇਲੰਦਿਆ ਪੈਨੰਦਿਆ, ਖਾਵੰਦਿਆ ਵਿਚੇ ਹੋਵੈ ਮੁਕਤਿ' ਦੀ ਜੁਗਤੀ ਦੱਸੀ ਗਈ ਹੈ। ਜਿਥੇ ਗੁਰਮਤਿ ਮਨੁੱਖੀ ਤਨ ਤੇ ਮਨ ਦੀ ਸੀਲ-ਸੰਜਮੀ ਭਰਪੂਰ ਵਰਤੋਂ 'ਤੇ ਜ਼ੋਰ ਦਿੰਦੀ ਹੈ, ਉਥੇ ਇਨ੍ਹਾਂ ਦੀ ਦੁਰਵਰਤੋਂ ਨੂੰ ਵੀ ਰੱਦ ਕਰਦੀ ਹੈ ਕਿਉਂਕਿ ਤਨ ਤੇ ਮਨ ਦੀ ਦੁਰਵਰਤੋਂ ਨਾਲ ਮਨੁੱਖ ਦਾ ਸੰਤੁਲਤ ਜੀਵਨ ਗੜਬੜਾ ਜਾਂਦਾ ਹੈ ਅਤੇ ਉਹ ਭਟਕਣਾ ਦਾ ਸ਼ਿਕਾਰ ਹੋ ਜਾਂਦਾ ਹੈ।

ਅੱਜ ਸੰਸਾਰ ਵਿਚ ਹਰ ਜੀਵ ਇਹ ਚਾਹੁੰਦਾ ਹੈ ਕਿ ਉਸਨੂੰ ਜੀਵਨ ਵਿਚ ਕਿਤੇ ਕੋਈ ਨੁਕਸਾਨ ਨ ਹੋਵੇ। ਹਰ ਕੋਈ ਲਾਭ ਲਈ ਹੀ ਦੌੜ ਰਿਹਾ ਹੈ। ਪਰ ਇਹ ਲਾਭ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਦਾ ਜੀਵਨ ਨਿਯਮ-ਬੱਧ ਹੋਵੇ। ਨਿਯਮ-ਬੱਧ ਜੀਵਨ ਲਈ ਕੁੱਝ ਕੁ

ਮੁੱਢਲੇ ਅਸੂਲ ਅਪਨਾਉਣੇ ਜ਼ਰੂਰੀ ਹਨ:

ਰੋਜ਼ਾਨਾ ਉੱਠਣ, ਖਾਣ-ਪੀਣ, ਸੌਣ ਤੇ ਕੰਮ ਕਰਨ ਦਾ ਨੇਮ ਬਨਾਉਣਾ।

ਮਨ ਨੀਵਾਂ ਮੱਤ ਉੱਚੀ ਰੱਖਣੀ।

ਘਰ-ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਉਪਰੰਤ ਸਰਬੱਤ ਦੇ ਭਲੇ ਲਈ ਕੰਮ ਕਰਨਾ।

ਨਿਰਭਉ ਤੇ ਨਿਰਵੈਰ ਰਹਿਣਾ।

ਘਰ-ਪਰਿਵਾਰ, ਆਂਢ-ਗੁਆਂਢ ਤੇ ਸਮਾਜ ਨਾਲ ਨਿੱਘੇ ਸੰਬੰਧ ਰੱਖਣੇ।

ਲੋਭ-ਲਾਲਚ ਤੋਂ ਮੁਕਤ,ਸੀਲ, ਸੰਜਮੀ, ਚਿੰਤਾ ਰਹਿਤ ਜੀਵਨ ਜੀਊਣਾ।

ਗੁਰਮਤਿ ਅਨੁਸਾਰ ਮਨੁੱਖ ਦਾ ਜੀਵਨ ਮਨੋਰਥ ਭਟਕਣਾ ਤੋਂ ਮੁਕਤੀ ਹਾਸਲ ਕਰ ਸੰਤੁਲਤ ਜੀਵਨ ਜੀਊਣਾ ਹੈ, ਜਿਸ ਵਿਚੋਂ ਹਰ ਪਲ ਅਨੰਦ ਝਲਕਦਾ ਹੋਵੇ ਅਤੇ ਜੀਵਨ ਵਿਚ ਕਿਸੇ ਵੀ ਕਿਸਮ (ਸਰੀਰਕ ਤੇ ਮਾਨਸਿਕ) ਦੇ ਦੁੱਖ-ਕਲੇਸ਼ ਨਾ ਹੋਣ।

-0-

10. ਮੀਰੀ ਪੀਰੀ ਦਾ ਸਿਧਾਂਤ

ਸੰਸਾਰ ਅੰਦਰ ਮੀਰ ਤੇ ਪੀਰ ਦੋਵੇਂ ਉੱਘੀਆਂ ਹਸਤੀਆਂ ਹਨ। ਮੀਰ ਜ਼ਮੀਨ ਜਾਇਦਾਦ, ਧਨ ਦੌਲਤ ਫੌਜਾਂ ਦਾ ਮਾਲਕ ਹੋਣ ਕਰਕੇ ਸਮਰੱਥਾਵਾਨ ਹੈ, ਧਰਤੀ ਦੇ ਖਾਸ ਖਿੱਤੇ ਤੇ ਰਾਜ ਕਰਦਾ ਹੈ ਤੇ ਉਥੇ ਉਸਦਾ ਹੁਕਮ ਚਲਦਾ ਹੈ। ਪੀਰ, ਲੋਕ ਮਨਾਂ ਤੇ ਰਾਜ ਕਰਦਾ ਹੈ, ਲੋਕਾਂ ਦੀ ਜ਼ਮੀਰ ਦਾ ਮਾਲਕ ਹੈ, ਅਨੇਕਾਂ ਵੱਡੇ-ਵੱਡੇ ਹਾਕਮ ਵੀ ਪੀਰ ਅਗੇ ਝੁਕਦੇ ਰਹੇ ਹਨ, ਜਿਸ ਕਾਰਣ ਇਹ ਹਸਤੀ ਵੀ ਸਮਰੱਥਾਵਾਨ ਹੈ।

ਮੀਰ ਤੇ ਪੀਰ ਦੋਵੇਂ, ਫਾਰਸੀ ਦੇ ਸ਼ਬਦ ਹਨ, ਮੀਰ ਅਮੀਰ ਦਾ ਸੰਖੇਪ ਹੈ, ਜਿਸਦਾ ਭਾਵ ਹੈ ਹੁਕਮ ਕਰਨ ਵਾਲਾ, ਮੁਖੀ, ਹਾਕਮ ਆਦਿ। ਪੀਰ ਸ਼ਬਦ ਮੁਸਲਮਾਨਾਂ ਵਿਚ ਰੂਹਾਨੀ ਆਗੂ ਮੁਰਸ਼ਦ ਜਾਂ ਮਹਾਂਪੁਰਖ ਲਈ ਵਰਤਿਆ ਗਿਆ ਹੈ। ਮੀਰੀ ਤੋਂ ਭਾਵ ਹੈ ਮੀਰ ਦਾ ਕਰਮ ਤੇ ਪੀਰੀ ਤੋਂ ਭਾਵ ਹੈ ਪੀਰ ਦਾ ਕਰਮ, ਮੀਰੀ ਰਾਜ ਦੀ ਸੂਚਕ ਹੈ ਤੇ ਪੀਰੀ ਧਰਮ ਦੀ। ਸੱਚੇ (ਪ੍ਰਭੂ) ਵੱਲ ਲਗਣਾ ਅਸਲ 'ਚ ਮਨੁੱਖ ਦਾ ਧਰਮ ਹੈ, ਪ੍ਰਭੂ ਨੂੰ, ਉਸਦੇ ਬਣਾਏ ਅਟੱਲ ਨਿਯਮਾਂ ਨੂੰ ਮੰਨਣ ਵਾਲਾ ਹੀ ਅਸਲ ਵਿਚ ਧਰਮੀ ਹੈ। ਧਰਮ ਮਨੁੱਖ ਨੂੰ ਨੇਕ, ਇਮਾਨਦਾਰ ਇਨਸਾਫਪਸੰਦ ਤੇ ਪਰਉਪਕਾਰੀ ਬਣਾਉਂਦਾ ਹੈ, ਜਿਸ ਕਰਕੇ ਧਰਮੀ ਮਨੁੱਖ ਲੋਕਾਂ ਦੇ ਕਲਿਆਣ ਲਈ ਕਾਰਜ ਕਰਦਾ ਹੈ।

ਇਸੇ ਤਰ੍ਹਾਂ ਮੀਰ (ਹਾਕਮ, ਰਾਜਾ ਜਾਂ ਮੁਖੀ) ਇਕ ਐਸਾ ਪ੍ਰਬੰਧਕ ਹੈ ਜਿਸਨੇ ਸਾਧਨਾਂ ਦੀ ਵੰਡ ਤੇ ਪ੍ਰਬੰਧ ਇਸ ਤਰ੍ਹਾਂ ਕਰਨਾ ਹੈ ਕਿ ਹਰੇਕ ਨੂੰ ਕੁੱਲੀ ਗੁੱਲੀ, ਜੁੱਲੀ ਪ੍ਰਾਪਤ ਹੋਵੇ ਤੇ ਕਿਸੇ ਨੂੰ ਕੋਈ ਦੁੱਖ ਤਕਲੀਫ ਨਾ ਹੋਵੇ, ਪਰ ਇਹ ਤਾਂ ਹੀ ਸੰਭਵ ਹੈ ਜੇਕਰ ਮੀਰ ਸਹੀ ਅਰਥਾਂ ਵਿਚ ਧਰਮੀ ਹੋਵੇ, ਉਹ ਸੱਚਾ, ਨੇਕ, ਇਮਾਨਦਾਰ ਤੇ ਇਨਸਾਫ ਪਸੰਦ ਹੋਵੇ ਤੇ ਉਸਦੇ ਰਾਜ ਅੰਦਰ ਕਿਸੇ ਨਾਲ ਧੱਕਾ, ਜ਼ੋਰ, ਜ਼ੁਲਮ ਨਾ ਹੋਵੇ।

ਇੰਝ ਮੀਰੀ ਤੇ ਪੀਰੀ ਦੀ ਸਹਿਹੋਂਦ ਜ਼ਰੂਰੀ ਹੈ ਜਿਸ ਵਿਚ ਮੀਰੀ, ਪੀਰੀ ਦੇ ਅਧੀਨ ਹੋਣੀ ਚਾਹੀਦੀ ਹੈ।

ਹਿੰਦੋਸਤਾਨ ਵਿਚ ਪੁਰਾਣੇ ਸਮੇਂ ਤੋਂ ਹੀ ਧਰਮ ਦੀ ਰੂਪ ਰੇਖਾ ਇਸ ਤਰ੍ਹਾਂ ਦੀ ਦਸੀ ਗਈ ਹੈ ਕਿ ਧਰਮੀ ਮਨੁੱਖ ਕਿਸੇ ਝਗੜੇ ਝੇੜੇ ਵਿਚ ਨਹੀਂ ਪੈਂਦਾ ਤੇ ਆਮ ਦੁਨੀਆ ਦੀਆਂ ਸਮੱਸਿਆਵਾਂ ਤੋਂ ਅਟੰਕ ਰਹਿ, ਅੰਤਰਮੁਖੀ ਹੋ ਕੇ ਤਪੱਸਿਆ ਕਰਦਾ ਹੈ। ਐਸੀ ਵਿਚਾਰਧਾਰਾ ਵਾਲੇ ਰਮਾਇਣ ਦੇ ਲਿਖਾਰੀ ਤੁਲਸੀ ਦਾਸ ਨੇ ਹੀ ਇਹ ਕਿਹਾ ਕਿ ਦੇਸ਼ ਦਾ ਰਾਜਾ ਕੌਣ ਹੋਵੇ ਤੇ ਕੈਸਾ ਹੋਵੇ, ਸਾਨੂੰ ਕੀ ਫਰਕ ਪੈਂਦਾ ਹੈ:-

ਕੌਣ ਨ੍ਰਿਪ ਹੋਏ ਹਮੇ ਕਿਆ ਹਾਨੀ ?

ਕਿਉਂਕਿ ਅਸੀਂ ਤਾਂ ਰਾਮ ਨਾਮ ਜਪਣਾ ਹੈ, ਸਾਨੂੰ ਹੋਰ ਗੱਲਾਂ ਨਾਲ ਕੋਈ ਮਤਲਬ ਨਹੀਂ।

ਐਸੇ ਧਰਮੀਆਂ ਨੇ ਹੀ 'ਅਹਿੰਸਾ ਪਰਮੋ ਧਰਮਾ' ਦਾ ਮੰਤ੍ਰ ਦਿੱਤਾ ਤੇ ਕਦੀ ਵੀ ਕਿਸੇ ਨਾਲ ਲੜਨਾ, ਕਿਸੇ ਨੂੰ ਮਾਰਨਾ, ਧਰਮ ਦੇ ਉਲਟ ਕਰਾਰ ਦਿੱਤਾ। ਹਿੰਦੂ ਸਮਾਜ ਦੀ ਵਰਣ ਵੰਡ ਨੇ ਵੀ ਇਹਨਾਂ ਲੀਹਾਂ ਨੂੰ ਪੱਕਿਆਂ ਕੀਤਾ ਕਿ ਧਰਮੀ ਮਨੁੱਖ ਨੇ ਕੇਵਲ ਧਰਮ ਕਮਾਉਣਾ ਹੈ, ਲੜਨ ਦਾ ਕੰਮ, ਹਥਿਆਰਾਂ ਦੀ ਵਰਤੋਂ ਦਾ ਕਰਮ ਕਿਸੇ ਦੂਜੇ ਦੇ ਜਿੰਮੇ ਹੈ। ਨਤੀਜਾ ਧਰਮੀ ਮਨੁੱਖ ਸੰਸਾਰਕ ਝੰਮੇਲਿਆਂ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਤੋਂ ਪਰੇ ਰਹਿਣ ਵਾਲੇ ਬਣ ਗਏ। ਧਰਮ ਦੀ ਐਸੀ ਰੂਪ ਰੇਖਾ ਨੇ ਇਥੋਂ ਦੇ ਲੋਕਾਂ ਨੂੰ ਕਾਇਰ ਤੇ ਬੁਜ਼ਦਿਲ ਬਣਾ ਦਿੱਤਾ ਤੇ ਨਤੀਜੇ ਵਜੋਂ ਹਿੰਦੁਸਤਾਨ ਸਦੀਆਂ ਤੱਕ ਗੁਲਾਮ ਰਿਹਾ। ਬਾਹਰੋਂ ਹਮਲਾਵਰ, ਧਾੜਵੀ ਆ ਕੇ ਇਥੋਂ ਦਾ ਧਨ, ਦੌਲਤ, ਇੱਜ਼ਤ ਆਬਰੂ ਲੁਟਦੇ ਰਹੇ ਤੇ ਮੰਦਰਾਂ ਨੂੰ ਬਰਬਾਦ ਕਰਦੇ ਰਹੇ। ਇਥੋਂ ਦੀਆਂ ਮੁਟਿਆਰਾਂ ਗਜਨੀ ਦੇ ਬਜ਼ਾਰਾਂ ਵਿਚ ਟਕੇ ਟਕੇ ਤੇ ਵਿਕਦੀਆਂ ਰਹੀਆਂ। ਸੰਸਾਰ ਦੇ ਹੋਰ ਧਰਮਾਂ ਨੇ ਵੀ ਆਮ ਕਰਕੇ ਅਜਿਹੀ ਵਿਚਾਰਧਾਰਾ ਦਿਤੀ ਕਿ ਧਰਮ ਤੇ ਰਾਜਨੀਤੀ ਵੱਖ-ਵੱਖ ਹਨ ਤੇ ਧਰਮ ਨੂੰ ਨਿਜੀ ਜ਼ਿੰਦਗੀ ਤੱਕ ਸੀਮਤ ਕੀਤਾ ਗਿਆ।

ਦੂਜੇ ਪਾਸੇ ਜਦੋਂ ਸੰਸਾਰ ਦੀ ਹਾਕਮ ਸ਼੍ਰੇਣੀ ਦੇ ਇਤਿਹਾਸ ਵੱਲ ਝਾਤ ਮਾਰੀਏ ਤਾਂ ਪਤਾ ਲਗੇਗਾ ਕਿ ਬਹੁਤੇ ਹਾਕਮ ਧਨ, ਦੌਲਤ, ਜ਼ਮੀਨ ਜਾਇਦਾਦ ਤੇ ਫੌਜਾਂ ਆਦਿ ਦੀ ਸਮਰਥਾ ਹੋਣ ਕਰਕੇ ਹੰਕਾਰੀ, ਜ਼ਾਲਮ ਤੇ ਨਿਰਦਈ ਬਣ ਗਏ ਤੇ ਉਨ੍ਹਾਂ ਨੇ ਜਨਤਾ ਨੂੰ ਸੁਖੀ ਰੱਖਣ ਦੀ ਬਜਾਇ ਉਨ੍ਹਾਂ ਤੇ ਜ਼ੁਲਮ ਕੀਤੇ, ਕਿਉਂਕਿ ਉਹ ਮਨੋਂ ਸੱਚੇ ਧਰਮੀ ਨਹੀਂ ਸਨ।

ਗੁਰੂ ਨਾਨਕ ਸਾਹਿਬ ਨੇ ਸੰਸਾਰ ਅੰਦਰ ਜਿਹੜਾ ਨਿਰਮਲ ਪੰਥ ਚਲਾਇਆ, ਉਸ ਵਿਚ ਧਰਮ ਨੂੰ ਸੰਪੂਰਣ ਜੀਵਨ ਜਾਚ ਦੇ ਰੂਪ ਵਿਚ ਲਿਆ ਗਿਆ ਹੈ, ਜਿਸ ਵਿਚ ਜੀਵਨ ਦੇ ਸਾਰੇ ਪੱਖ ਧਾਰਮਿਕ, ਸਮਾਜਿਕ, ਰਾਜਨੀਤਿਕ, ਸੰਬੰਧਤ ਹਨ। ਇਸ ਜੀਵਨ ਜਾਚ ਵਿਚ ਗ੍ਰਹਿਸਤ ਤੇ ਉਦਾਸ ਨੂੰ, ਰਾਜ ਤੇ ਜੋਗ ਨੂੰ, ਭਗਤੀ ਤੇ ਸ਼ਕਤੀ ਨੂੰ, ਮੀਰੀ ਤੇ ਪੀਰੀ ਨੂੰ, ਪਰਸਪਰ ਸੰਬਧਿਤ ਕਰਕੇ ਇਨ੍ਹਾਂ ਦਾ ਸੁਮੇਲ ਕੀਤਾ ਗਿਆ ਹੈ।

ਜਿਵੇਂ ਕੁਦਰਤ ਦੀ ਰਚਨਾ ਅੰਦਰ ਦੋ ਵਿਰੋਧੀ ਤੱਤਾਂ, ਅੱਗ ਤੇ ਪਾਣੀ ਦਾ ਸੁਮੇਲ ਕੀਤਾ ਗਿਆ ਹੈ ਤੇ ਇਹ ਦੋਵੇਂ ਤੱਤਾਂ ਦੀ ਸਹਿਹੋਂਦ ਜੀਵਨ ਲਈ ਅਤੀ ਜ਼ਰੂਰੀ ਹੈ ਕਿਸੇ ਇਕ ਦੀ ਅਣਹੋਂਦ ਨਾਲ ਜੀਵਨ ਕਾਇਮ ਨਹੀਂ ਰਹਿੰਦਾ। ਠੀਕ ਇਸੇ ਤਰ੍ਹਾਂ ਧਰਮ (ਸਚਾਈ, ਨੇਕੀ) ਤੇ ਰਾਜ ਸ਼ਕਤੀ (ਸੂਰਬੀਰਤਾ, ਤਾਕਤ) ਦਾ ਸੁਮੇਲ ਸਮਾਜ ਦੇ ਭਲੇ ਲਈ ਅਤੀ ਜ਼ਰੂਰੀ ਹੈ।

ਗੁਰੂ ਸਾਹਿਬਾਨ ਨੇ ਜਿਥੇ ਅਦ੍ਰਿਸ਼ਟ ਪ੍ਰਭੂ ਬਾਰੇ ਬੜੀਆਂ ਡੂੰਘੀਆਂ ਵਿਚਾਰਾਂ ਦਿੱਤੀਆਂ ਹਨ, ਉਥੇ ਮਨੁੱਖ ਬਾਰੇ, ਸਮਾਜ ਬਾਰੇ, ਰਾਜਿਆਂ ਤੇ ਰਾਜ ਪ੍ਰਬੰਧ ਬਾਰੇ ਖੁਲ੍ਹ ਕੇ ਅਲੋਚਨਾ ਕਰਦਿਆਂ ਸਹੀ ਸੇਧ ਦਿਤੀ ਹੈ। ਕਿਉਂਕਿ ਉਨ੍ਹਾਂ ਨੇ ਇਸ ਧਰਤੀ ਨੂੰ ਧਰਮਸਾਲ (ਧਰਮ ਕਮਾਉਣ ਦੀ ਥਾਂ) ਕਿਹਾ ਹੈ ਤੇ ਧਰਮਸਾਲ ਉੱਤੇ ਰਾਜ ਪ੍ਰਬੰਧ, ਸਮਾਜਿਕ ਪ੍ਰਬੰਧ ਠੀਕ ਹੋਏਗਾ ਤਾਂ ਲੋਕ ਸੁਖੀ ਹੋਣਗੇ। ਐਸੇ ਸੰਕਲਪ ਬਾਣੀ ਅੰਦਰ ਦ੍ਰਿਸ਼ਟੀ ਗੋਚਰ ਹੁੰਦੇ ਹਨ–

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ (ਪੰਨਾ : 74)

ਗੁਰੂ ਸਾਹਿਬਾਨ ਨੇ ਜਿਥੇ ਮਨੁੱਖ ਨੂੰ ਜੀਵਨ ਮਨੋਰਥ–ਪ੍ਰਭੂ ਭਗਤੀ ਬਾਰੇ ਪ੍ਰੇਰਣਾ ਦਿਤੀ ਹੈ ਉਥੇ ਪਾਖੰਡ ਖੰਡਨ ਫੋਕੀਆਂ ਰਸਮਾਂ ਰੀਤਾਂ, ਕੂੜ ਕੁਸੱਤ, ਜ਼ੋਰ ਜ਼ੁਲਮ, ਤੇ ਬੇਇਨਸਾਫੀ ਵਿਰੁੱਧ ਇਨਕਲਾਬੀ ਵਿਚਾਰ ਦਿਤੇ। ਗੁਰੂ ਨਾਨਕ ਸਾਹਿਬ ਬਾਬਰ ਨੂੰ ਮੂੰਹ ਤੇ ਜਾਬਰ ਆਖਦੇ ਹਨ। ਉਨ੍ਹਾਂ ਨੇ ਬਾਣੀ ਅੰਦਰ ਜ਼ੁਲਮੀ ਰਾਜਿਆਂ, ਅਤਿਆਚਾਰੀ ਹਾਕਮਾਂ ਨੂੰ ਕਸਾਈਆਂ ਨਾਲ ਤੁਲਨਾ ਦਿੱਤੀ ਹੈ–

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥ (ਪੰਨਾ : 145)

ਉਨ੍ਹਾਂ ਨੇ ਕੁਰਾਹੇ ਪਈ ਰਾਜ ਸ਼ਕਤੀ ਨੂੰ ਲੋਕਾਂ ਦਾ ਲਹੂ ਪੀਣ ਵਾਲੀ ਕਿਹਾ ਤੇ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਦੀ ਖੁਲ੍ਹੀ ਅਲੋਚਨਾ ਕਰਕੇ ਰਾਜਨੀਤੀ 'ਚ ਸਿੱਧਾ ਦਖਲ ਦਿਤਾ ਹੈ–

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

(ਪੰਨਾ:1288)

ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ, ਏਵੈ ਜਾਪੈ ਭਾਉ॥ (ਪੰਨਾ:142)

ਇੰਜ ਉਨ੍ਹਾਂ ਨੇ ਹਾਕਮ ਨੂੰ ਠੀਕ ਹਕੂਮਤ ਕਰਨ ਦੇ ਕਾਬਲ ਹੋਣ ਦੀ ਸੇਧ ਵੀ ਦਿਤੀ ਹੈ– **ਤਖਤਿ ਬਹੈ ਤਖਤੈ ਕੀ ਲਾਇਕ॥** (ਪੰਨਾ : 1039)

ਜਿਥੇ ਗੁਰੂ ਸਾਹਿਬ ਨੇ ਜ਼ਾਲਮ ਹਾਕਮਾਂ ਦੀ ਆਲੋਚਨਾ ਕੀਤੀ ਉਥੇ ਜ਼ੁਲਮ ਸਹਿਣ ਵਾਲੇ ਤਾਕਤ ਦੇ ਡਰੋਂ ਗੁਲਾਮੀ ਸਵੀਕਾਰਣ ਵਾਲੇ ਮਨੁੱਖਾਂ ਨੂੰ ਵੀ ਚੰਗੀਆਂ ਟਕੋਰਾਂ ਲਾਈਆਂ ਹਨ–

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ (ਪੰਨਾ : 472)

ਅਭਾਖਿਆ ਕਾ ਕੁਠਾ ਬਕਰਾ ਖਾਣਾ ॥ (ਪੰਨਾ : 472)

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ (ਪੰਨਾ : 1191)

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ (ਪੰਨਾ : 663)

ਸੋ ਗੁਰੂ ਸਾਹਿਬਾਨ ਨੇ ਜਿਹੜਾ ਆਦਰਸ਼ ਮਨੁੱਖ ਚਿਤਵਿਆ ਤੇ ਸਿਰਜਿਆ ਉਹ ਸਾਰੇ ਮਨੁੱਖੀ ਗੁਣਾਂ ਦਾ ਸੁਮੇਲ ਹੈ, ਉਹ ਧਰਮੀ ਵੀ ਹੈ ਤੇ ਸੂਰਬੀਰ ਵੀ, ਸੰਤ ਵੀ ਹੈ ਤੇ ਸਿਪਾਹੀ ਵੀ, ਕਿਰਤੀ ਵੀ ਹੈ ਤੇ ਸੇਵਕ ਵੀ। ਐਸੇ ਧਰਮੀ ਮਨੁੱਖ ਨੂੰ ਹਮੇਸ਼ਾਂ ਕੁਰਬਾਨੀ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ–

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ : 1412)

ਜਿਥੇ ਪਹਿਲੇ ਗੁਰੂ ਸਾਹਿਬਾਨ ਨੇ ਮੀਰੀ ਪੀਰੀ ਦਾ ਸਿਧਾਂਤ ਦ੍ਰਿੜ ਕਰਵਾਇਆ। ਉਥੇ ਪੰਜਵੇਂ ਪਾਤਸ਼ਾਹ ਦੇ ਹੁਕਮ ਅਨੁਸਾਰ ਛੇਵੇਂ ਪਾਤਸ਼ਾਹ ਨੇ ਮੀਰੀ ਪੀਰੀ ਦੀਆਂ ਕ੍ਰਿਪਾਨਾਂ ਪਹਿਨ, ਅਕਾਲ ਤਖ਼ਤ ਸਿਰਜ ਕੇ, ਹਰੇਕ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਕਰਕੇ ਸਿੱਖਾਂ ਅੰਦਰ ਮੀਰੀ ਪੀਰੀ ਦਾ ਅਮਲੀ ਤੌਰ ਤੇ ਐਸਾ ਸੁਮੇਲ ਕੀਤਾ ਕਿ ਗੁਰਸਿੱਖਾਂ ਕੋਲੋਂ ਜ਼ੁਲਮੀਂ ਹਾਕਮ, ਹੈਂਕੜਬਾਜ਼ ਸਿਪਾਹ-ਸਲਾਰ, ਭੈ ਖਾਣ ਲਗੇ। ਉਨ੍ਹਾਂ ਨੇ ਸ਼ਸਤਰਧਾਰੀ ਹੋਣਾ ਸਿੱਖ ਜੀਵਨ ਦਾ ਅੰਗ ਬਣਾ ਦਿੱਤਾ। ਉਨ੍ਹਾਂ ਦੀਆਂ ਹਕੂਮਤ ਨਾਲ ਚਾਰ ਜੰਗਾਂ ਹੋਈਆਂ ਅਤੇ ਚਾਰਾਂ ਜੰਗਾਂ ਵਿਚ ਹੰਕਾਰੀ ਹਾਕਮਾਂ ਨੂੰ ਕਰਾਰੇ ਹੱਥ ਵਿਖਾ ਕੇ ਹਾਰ ਦਿੱਤੀ। ਉਨ੍ਹਾਂ ਦਾ ਸਮਕਾਲੀ ਮੁਹਸਨਫਾਨੀ ਲਿਖਦਾ ਹੈ–

"ਸੱਚ ਲਈ ਤਾਕਤ ਜਥੇਬੰਦ ਹੋਣੀ ਸ਼ੁਰੂ ਹੋਈ ਤੇ ਉਸ ਤਾਕਤ ਨੇ ਬੁਰਿਆਈ ਦਾ ਟਾਕਰਾ ਕੀਤਾ। ਕਮਜ਼ੋਰ ਨੂੰ ਲਤਾੜਿਆ ਜਾਂਦਾ ਦੇਖਕੇ ਸਿੱਖਾਂ ਦੇ ਜ਼ਜ਼ਬੇ ਜਾਗ ਪੈਂਦੇ ਸਨ ਤੇ ਸਿੱਖ ਨਿਆਸਰਿਆਂ ਨੂੰ ਆਸਰਾ ਦੇਣ ਲਈ ਬਲਦੀ ਅੱਗ ਵਿਚ ਵੀ ਕੁੱਦ ਪੈਂਦੇ ਸਨ।"

ਛੇਵੇਂ ਪਾਤਸ਼ਾਹ ਦੇ ਸਮੇਂ ਦੀ ਇਸ ਬਾਹਰੀ ਤਬਦੀਲੀ ਬਾਰੇ ਉਸ ਸਮੇਂ ਅਖੌਤੀ ਧਰਮੀਆਂ ਨੇ ਵੀ ਸ਼ੰਕਾ ਪ੍ਰਗਟਾਈ ਤੇ ਜਿਸਦਾ ਖੁਲਾਸਾ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਅੰਦਰ ਕਰਕੇ ਮੀਰੀ ਪੀਰੀ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ ਹੈ:

ਖੇਤੀਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ॥
ਸਪ ਪਲੇਟੇ ਚੰਨਣੈ ਬੂਹੇ ਜੰਦ੍ਰਾ ਕੁਤਾ ਜਾਗੈ॥ (ਵਾਰ 26-ਪਉੜੀ-25)

ਜਿਵੇਂ ਖੇਤਾਂ ਤੇ ਬਾਗਾਂ ਨੂੰ ਪਸ਼ੂਆਂ ਤੇ ਜਾਨਵਰਾਂ ਦੇ ਉਜਾੜੇ ਤੋਂ ਬਚਾਉਣ ਵਾਸਤੇ ਕਠੋਰ, ਕੰਡੇਦਾਰ ਵਾੜ ਲਾਉਣੀ ਪੈਂਦੀ ਹੈ। ਤਿਵੇਂ ਸਮਾਜ ਨੂੰ ਦੁਸ਼ਟਾਂ ਤੋਂ ਬਚਾਉਣ ਲਈ ਕਠੋਰਤਾ (ਸਖ਼ਤੀ) ਧਾਰਨ ਕਰਨੀ ਪੈਂਦੀ ਹੈ। ਚੰਦਨ ਦੀ ਰਾਖੀ ਲਈ ਕੁਦਰਤ ਵਲੋਂ ਹੀ ਸੱਪ ਉਹਦੇ ਦੁਆਲੇ ਲਿਪਟੇ ਰਹਿੰਦੇ ਹਨ, ਘਰ ਨੂੰ ਲੁੱਟਣ ਤੋਂ ਬਚਾਉਣ ਲਈ ਜਿੰਦਰਾ ਲਾਉਣਾ ਪੈਦਾ ਹੈ ਕੁੱਤਾ ਜਾਂ ਪਹਿਰੇਦਾਰ ਰੱਖਣਾ ਪੈਂਦਾ ਹੈ। ਇਵੇਂ ਹੀ ਧਰਮ (ਪੀਰੀ) ਦੀ ਰਾਖੀ ਲਈ ਮੀਰੀ ਦੀ ਲੋੜ ਪੈਂਦੀ ਹੈ।

ਭਾਈ ਸਾਹਿਬ ਨੇ ਇਕ ਕਬਿਤ ਅੰਦਰ ਵੀ ਇਸ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਖਾਸ ਹਾਲਤਾਂ ਅੰਦਰ ਸ਼ਕਤੀ ਦੀ ਵਰਤੋਂ ਜਾਇਜ਼ ਹੈ–

ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ॥

ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ.....

ਬੇਮੁਖ ਲੋਹਾ ਸਾਧੀਐ, ਵਗਦੀ ਵਾਦਾਣੀ॥ (ਵਾਰ 34, ਪਉੜੀ 13)

ਜਿਵੇਂ ਖੂਹ 'ਚੋਂ ਪਾਣੀ ਕੱਢਣ ਲਈ ਡੋਲ ਦਾ ਗਲ ਰੱਸੇ ਨਾਲ ਬੰਨਣਾ ਪੈਂਦਾ ਹੈ, ਕਾਲੇ ਸੱਪ ਕੋਲੋਂ ਮਣੀ ਪ੍ਰਾਪਤ ਕਰਨ ਲਈ ਸੱਪ ਨੂੰ ਮਾਰਨਾ ਪੈਂਦਾ ਹੈ, ਕਸਤੂਰੀ ਪ੍ਰਾਪਤ ਕਰਨ ਲਈ ਹਿਰਨ ਮਾਰਨਾ ਪੈਂਦਾ ਹੈ, ਤਿਲਾਂ ਨੂੰ ਘਾਣੀ ਵਿਚ ਪੀੜ ਕੇ ਹੀ ਤੇਲ ਪ੍ਰਾਪਤ ਹੁੰਦਾ ਹੈ। ਨਾਰੀਅਲ ਦਾ ਮੂੰਹ ਭੰਨ ਕੇ ਹੀ ਗਰੀ ਪ੍ਰਾਪਤ ਹੁੰਦੀ ਹੈ। ਜਿਵੇਂ ਲੋਹੇ ਨੂੰ ਘੜਨ ਲਈ ਹਥੌੜੇ ਮਰਨੇ ਪੈਂਦੇ ਹਨ ਤਿਵੇਂ ਦੁਸ਼ਟਾਂ ਨੂੰ ਸੋਧਣ ਲਈ ਬਲ ਪ੍ਰਯੋਗ ਜ਼ਰੂਰੀ ਹੈ। ਦਸਮ ਪਾਤਸ਼ਾਹ ਨੇ ਵੀ ਤਾਕਤ ਦੀ ਵਰਤੋਂ ਨੂੰ ਆਖਰੀ ਹੀਲੇ ਵਜੋਂ ਵਰਤਣਾ ਜਾਇਜ਼ ਦੱਸਿਆ ਹੈ–

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।

ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥

ਦਸਮ ਪਾਤਸ਼ਾਹ ਦਾ ਤੇ ਬਾਅਦ ਦਾ ਸਿੱਖਾਂ ਦਾ ਸਾਰਾ ਇਤਿਹਾਸ ਗਵਾਹ ਹੈ ਕਿ ਸਿੱਖਾਂ ਦੀਆਂ ਲੜਾਈਆਂ ਜ਼ਬਰ ਜ਼ੁਲਮ ਧੱਕੇ ਦੇ ਖਿਲਾਫ ਹੋਈਆਂ ਹਨ ਕਿਸੇ ਨਾਲ ਧੱਕਾ ਕਰਨ ਲਈ ਨਹੀਂ। ਗੁਰੂ ਸਾਹਿਬ ਨੇ ਇਹ ਪਿਰਤ ਪਾਈ ਕਿ ਤਲਵਾਰ ਦੀ ਮਾਰੂ (ਧਣਸਟਰੁਚਟਵਿਏ) ਸ਼ਕਤੀ ਨੂੰ ਪਰਉਪਕਾਰ ਲਈ ਵਰਤ ਕੇ ਉਸਾਰੂ (ਛੋਨਸਟਰੁਚਟਵਿਏ) ਸ਼ਕਤੀ ਵਿਚ ਬਦਲਿਆ। ਸਸ਼ਤਰ ਦੀ ਵਰਤੋਂ ਨੂੰ ਇਕ ਜ਼ਰਾਹ ਜਾਂ ਸਰਜਨ ਵਾਂਗ ਸਮਾਜ ਦੇ ਭਲੇ ਲਈ ਵਰਤਿਆ ਹੈ। ਤਾਕਤ ਧਾਰਣ ਕਰਕੇ ਨਿਮਰਤਾ ਵਿਚ ਰਹਿਣਾ ਹੀ ਅਸਲ ਨਿਮਰਤਾ ਹੈ ਜਿਸ ਕੋਲ ਤਾਕਤ ਨਹੀਂ ਉਸਦਾ ਝੁਕਣਾ ਨਿਮਰਤਾ ਨਹੀਂ–

ਹੋਦੇ ਤਾਣਿ ਨਿਤਾਣੀਆ ਰਹਹਿ ਨਿਮਾਨੜੀਆਹ॥ (ਪੰਨਾ : 85)

ਸੋ ਇੰਜ ਮੀਰੀ ਪੀਰੀ ਦਾ ਸੁਮੇਲ ਸਿੱਖ ਧਰਮ ਦੀ ਇਕ ਵਿਸ਼ੇਸ਼ ਦੇਣ ਹੈ।

–0–

ਸ਼ਬਦ–ਵੀਚਾਰ

11. ਧਨਾਸਰੀ ਮਹਲਾ ੫॥ (ਪੰਨਾ–੬੭੯)

ਜਾ ਕਉ, ਹਰਿ ਰੰਗੁ ਲਾਗੋ, ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ, ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ, ਪੂਰਾ ॥੧॥
ਠਾਕੁਰੁ ਗਾਈਐ, ਆਤਮ ਰੰਗਿ ॥

ਸਰਣੀ ਪਾਵਨ, ਨਾਮ ਧਿਆਵਨ, ਸਹਜਿ ਸਮਾਵਨ ਸੰਗਿ ॥੧॥ ਰਹਾਉ ॥

ਜਨ ਕੇ ਚਰਨ, ਵਸਹਿ ਮੇਰੈ ਹੀਅਰੈ, ਸੰਗਿ ਪੁਨੀਤਾ ਦੇਹੀ ॥

ਜਨ ਕੀ ਧੂਰਿ ਦੇਹੁ, ਕਿਰਪਾ ਨਿਧਿ, ਨਾਨਕ ਕੈ, ਸੁਖੁ ਏਹੀ ॥੨॥

ਉਚਾਰਣ ਸੇਧਾਂ: ਮਹਿ- ਮਹਿੰ। ਸਰਣੀ- ਸ਼ਰਣੀ। ਵਸਹਿ- ਵਸਹਿੰ।

ਪਦ ਅਰਥ : ਰੰਗੁ- ਪ੍ਰੇਮ। ਸੂਰਾ- ਸੂਰਮਾ। ਆਤਮ- ਆਪਣੇ ਆਪ ਨੂੰ, ਆਪਣੇ ਮਨ ਨੂੰ। ਜਿਣੈ-ਜਿੱਤ ਲੈਂਦਾ ਹੈ। ਆਤਮ ਰੰਗਿ-ਦਿਲੀ ਪਿਆਰ ਨਾਲ। ਸਹਜਿ-ਆਤਮਿਕ ਅਡੋਲਤਾ।

ਭੂਮਿਕਾ : ਗੁਰੂ ਸਾਹਿਬ ਇਸ ਸ਼ਬਦ ਰਾਹੀਂ ਇਸ ਚੰਚਲ ਮਨ ਨੂੰ ਟਿਕਾਉਣ ਦਾ ਢੰਗ ਦਰਸਾ ਰਹੇ ਹਨ। ਆਪ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਨਾਮ ਦਾ ਰੰਗ ਚੜ੍ਹਿਆ ਹੈ ਉਹ ਹੀ ਸੂਰਮੇ ਆਤਮਿਕ ਅਡੋਲਤਾ ਰਾਹੀਂ ਸਹਿਜ ਪ੍ਰਾਪਤ ਕਰ ਸਕਦੇ ਹਨ। ਜਿਨ੍ਹਾਂ ਨੇ ਮਨ ਦੀਆਂ ਬੁਰਾਈਆਂ 'ਤੇ ਜਿੱਤ ਪ੍ਰਾਪਤ ਨਹੀਂ ਕੀਤੀ ਉਹ ਭਾਵੇਂ ਸੂਰਮੇ ਅਖਵਾ ਲੈਣ ਪਰ ਉਨ੍ਹਾਂ ਦੀ ਨਿਮਰਤਾ ਦੀ ਬਜਾਇ ਜ਼ੁਲਮ ਦੀ ਬਿਰਤੀ ਬਣ ਜਾਂਦੀ ਹੈ।

ਭਾਵ ਅਰਥ : ਗੁਰਦੇਵ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਦਾ ਗੁਰੂ ਸਿੱਖਿਆ ਦੁਆਰਾ ਪ੍ਰਭੂ ਗੁਣਾਂ ਨਾਲ ਪਿਆਰ ਪੈ ਜਾਂਦਾ ਹੈ, ਉਹ ਬਹਾਦਰ ਅਖਵਾਉਂਦਾ ਹੈ। ਮਨੁੱਖ ਉਸ ਪਰਮਾਤਮਾ ਨਾਲ ਤਾਂ ਹੀ ਜੁੜ ਸਕਦੇ ਹਨ, ਜੇ ਆਪਣੇ ਮਨ ਨੂੰ ਗਲਤ ਪਾਸਿਆਂ ਵਲੋਂ ਮੋੜ ਸਕਣ ਦੇ ਸਮਰਥ ਹੋਣ ਤੇ ਐਸਾ ਕੋਈ ਵਿਰਲਾ ਬਹਾਦਰ ਹੀ ਕਰ ਸਕਦਾ ਹੈ। ਪਰ ਜੋ ਵੀ ਆਪਣੇ ਆਪ ਉੱਤੇ ਇਤਨਾ ਕਾਬੂ ਪਾ ਲੈਂਦਾ ਹੈ, ਸਭ ਕੁਝ (ਗਿਆਨ ਇੰਦਰੇ ਕਰਮ ਇੰਦਰੇ) ਉਸ ਦੇ ਵੱਸ ਵਿਚ ਹੋ ਜਾਂਦਾ ਹੈ। ਇਸ ਲਈ ਸਦਾ ਇਕ ਮਨ ਇਕ ਚਿੱਤ ਹੋ ਕੇ ਵਾਹਿਗੁਰੂ ਨੂੰ ਯਾਦ ਕਰਨਾ ਚਾਹੀਦਾ ਹੈ। ਅਜਿਹਾ ਕਰਨ ਵਾਲੇ ਵਿਅਕਤੀ ਸਦਾ ਪਰਮਾਤਮਾ ਦੀ ਯਾਦ ਵਿਚ ਜੁੜੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਆਤਮਿਕ ਅਡੋਲਤਾ ਅਤੇ ਸਹਿਜ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਮਾਲਕ ਵਾਹਿਗੁਰੂ ਜੀਓ ! ਮੇਰੀ ਆਪ ਅੱਗੇ ਇਹੀ ਬੇਨਤੀ ਹੈ ਕਿ ਮੇਰਾ ਇਹੋ ਜਿਹੇ ਪਵਿੱਤਰ ਗੁਰਮੁੱਖਾਂ ਨਾਲ ਮਿਲਾਪ ਕਰਾਓ। ਇਨਾਂ ਦੇ ਪਵਿੱਤਰ ਬਚਨ ਗੁਰਬਾਣੀ ਦੇ ਸਿਧਾਂਤ ਮੇਰੇ ਹਿਰਦੇ ਵਿਚ ਵਸੇ ਰਹਿਣ। ਇਨ੍ਹਾਂ ਦੀ ਸੰਗਤ ਨਾਲ ਮੇਰਾ ਸਰੀਰ ਵੀ ਪਵਿੱਤਰ ਹੋ ਜਾਵੇ। ਮੈਨੂੰ ਐਸੇ ਸਤਸੰਗੀ ਗੁਰਮੁੱਖਾਂ ਦੀ ਸਤਿਸੰਗਤ ਬਖਸ਼ੋ। ਮੇਰੇ ਲਈ ਸਭ ਤੋਂ ਵੱਡਾ ਸੁੱਖ ਇਹੀ ਹੈ।

ਸਾਰੰਸ਼ : ਉਪਰੋਕਤ ਸ਼ਬਦ ਦਾ ਤੱਤ ਸਾਰ ਇਹ ਹੈ ਕਿ ਆਪਣੇ ਮਨ ਨੂੰ ਜਿੱਤ ਕੇ ਪਰਮਾਤਮਾ ਦੀ ਰੰਗਣ ਵਿਚ ਰੰਗੇ ਜਾਣ ਵਾਲੇ ਅਜਿੱਤ ਸੂਰਮੇ ਹੁੰਦੇ ਹਨ। ਇਹੋ ਜਿਹੇ ਗੁਰਮੁੱਖਾਂ ਦੀ ਸੰਗਤ ਸਾਨੂੰ ਵੀ ਕਰ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ।

-0-

12. ਧਨਾਸਰੀ ਮਹਲਾ ੯ ॥ (ਪੰਨਾ-੬੮੪)

ਕਾਹੇ ਰੇ, ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ ॥੧॥ ਰਹਾਉ ॥
ਪੁਹਪ ਮਧਿ, ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ, ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ, ਭਾਈ ॥੧॥
ਬਾਹਰਿ ਭੀਤਰਿ ਏਕੋ ਜਾਨਹੁ, ਇਹੁ, ਗੁਰ ਗਿਆਨੁ ਬਤਾਈ ॥
ਜਨ ਨਾਨਕ, ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ ॥੨॥

ਉਚਾਰਣ ਸੇਧਾਂ : ਜਿਉ- ਜਿਉਂ। ਮਾਹਿ- ਮਾਹਿਂ।

ਪਦ ਅਰਥ : ਅਲੇਪਾ- ਮਾਇਆ ਦੇ ਪ੍ਰਭਾਵ ਤੋਂ ਪਰੇ। ਪੁਹਪ ਮਧਿ - ਫੁੱਲ ਵਿਚ। ਮੁਕਰ ਮਾਹਿ- ਸ਼ੀਸ਼ੇ ਵਿਚ। ਛਾਈ- ਪਰਛਾਵਾਂ। ਨਿਰੰਤਰਿ- ਹਰ ਥਾਂ ਤੇ। ਬਿਨੁ ਆਪਾ ਚੀਨੈ-ਆਪਾ ਪਛਾਣੈ ਬਿਨਾਂ। ਭ੍ਰਮ ਕੀ- ਭਟਕਣਾ ਦੀ। ਕਾਈ- ਪਾਣੀ ਤੇ ਜੰਮਿਆ ਹਰੇ ਰੰਗ ਦਾ ਜਾਲ।

ਭੂਮਿਕਾ : ਉਪਰੋਕਤ ਸ਼ਬਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਲੋਕਾਈ ਨੂੰ ਜੰਗਲਾਂ ਵਿਚ ਭਟਕਣ ਅਤੇ ਤਪ ਕਰਨ ਦੀ ਥਾਂ ਉਸ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਪਰਮਾਤਮਾ ਨੂੰ ਆਪਣੇ ਅਤੇ ਸਾਰੀ ਸ੍ਰਿਸ਼ਟੀ ਦੇ ਵਿਚੋਂ ਹੀ ਦੇਖਣ ਦੀ ਪ੍ਰੇਰਣਾ ਦਿੰਦੇ ਹਨ।

ਭਾਵ ਅਰਥ : ਹੇ ਭਾਈ ! ਤੂੰ ਜੰਗਲਾਂ ਵਿਚੋਂ ਰੱਬ ਨੂੰ ਲੱਭਣ ਲਈ ਕਿਉਂ ਜਾਂਦਾ ਹੈ? ਕਿਉਂਕਿ ਮਾਲਕ ਵਾਹਿਗੁਰੂ ਜੀ ਤਾਂ ਆਪ ਹਰ ਥਾਂ ਤੇ ਬਿਰਾਜਮਾਨ ਹਨ, ਪਰ ਹਰ ਥਾਂ ਅਤੇ ਵਸਤੂ ਤੋਂ ਨਿਰਲੇਪ ਵੀ ਹਨ। ਹੇ ਭਾਈ ! ਮਾਲਕ ਵਾਹਿਗੁਰੂ ਆਪ ਦੇ ਆਪਣੇ ਅੰਦਰ ਹੀ ਹਨ ਅਤੇ ਸਦਾ ਨਾਲ ਹੀ ਹਨ। ਫੁੱਲ ਵਿਚ ਜਿਵੇਂ ਸੁਗੰਧੀ ਹੈ ਪਰ ਸਾਬਤ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਫੜੀ ਜਾ ਸਕਦੀ ਹੈ। ਸ਼ੀਸ਼ੇ ਵਿਚ ਜਿਵੇਂ ਪਰਛਾਵਾਂ ਹੈ, ਪਰ ਉਹ ਵੀ ਸਾਬਤ ਨਹੀਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਫੜਿਆ ਜਾ ਸਕਦਾ ਹੈ। ਇਸੇ ਤਰ੍ਹਾਂ ਪਰਮਾਤਮਾ ਹਰ ਮਨੁੱਖ ਦੇ ਹਿਰਦੇ ਵਿਚ ਵਸ ਰਿਹਾ ਹੈ ਪਰ ਨਿਰਾਕਾਰ ਅਤੇ ਅਰੂਪ ਹੋਣ ਦੇ ਕਾਰਣ ਉਹ ਪਕੜ ਵਿਚ ਨਹੀਂ ਆਉਂਦਾ। ਇਸ ਨੂੰ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਪਰ ਇਸ ਲਈ ਬਾਹਰ ਭੱਜਣ ਦੀ ਜ਼ਰੂਰਤ ਨਹੀਂ। ਸੱਚਾ ਗੁਰੂ ਇਹੀ ਗਿਆਨ ਦ੍ਰਿੜ ਕਰਾਉਂਦਾ ਹੈ ਕਿ ਬਾਹਰ, ਅੰਦਰ ਅਤੇ ਹਰ ਥਾਂ ਤੇ ਪਰਮਾਤਮਾ ਨੂੰ ਮਹਿਸੂਸ ਕਰੋ। ਗੁਰੂ ਨਾਨਕ ਸਾਹਿਬ ਸਮਝਾਉਂਦੇ ਹਨ ਕਿ ਆਪਣੇ ਆਪ ਨੂੰ ਸਮਝੇ ਬਿਨਾਂ ਮਨ ਦੇ ਇਹ ਭਰਮ ਭੁਲੇਖੇ ਦੂਰ ਨਹੀਂ ਹੁੰਦੇ ਅਤੇ ਪਰਮਾਤਮਾ ਦੀ ਹੋਂਦ ਮਹਿਸੂਸ ਨਹੀਂ ਕੀਤੀ ਜਾ ਸਕਦੀ।

ਸਾਰੰਸ਼ : ਉਪਰੋਕਤ ਸ਼ਬਦ ਦਾ ਸਾਰ ਇਹ ਹੈ ਕਿ ਪਰਮਾਤਮਾ ਨੂੰ ਬਾਹਰ ਭਟਕਣ

ਅਤੇ ਲੱਭਣ ਨਾਲੋਂ ਆਪਣੇ ਹਿਰਦੇ ਵਿਚ ਅਨੁਭਵ ਕਰੋ ਅਤੇ ਬਾਕੀ ਸਾਰਿਆਂ ਵਿਚ ਉਸ ਦੀ ਵੱਸ ਰਹੀਂ ਹੋਂਦ ਨੂੰ ਮਹਿਸੂਸ ਕਰੋ। ਪਰਮਾਤਮਾ ਨੂੰ ਫੁੱਲ ਦੀ ਸੁਗੰਧ ਅਤੇ ਸ਼ੀਸ਼ੇ ਦੇ ਸਾਏ ਵਾਂਗ ਸਾਬਤ ਕਰਨਾ ਮੁਸ਼ਕਲ ਹੈ, ਪਰ ਸੁਗੰਧ ਅਤੇ ਸਾਏ ਵਾਂਗ ਇਸਨੂੰ ਮਹਿਸੂਸ ਕੀਤਾ ਜਾ ਸਕਦਾ ਹੈ ਜੇ ਸਾਡੇ ਮਨ ਆਤਮਾ ਦੀਆਂ ਅੱਖਾਂ ਖੁੱਲ੍ਹੀਆਂ ਹੋਣ। ਆਤਮਿਕ ਤੌਰ 'ਤੇ ਜਾਨਣ ਲਈ ਆਪਣੇ ਆਪ ਨੂੰ ਸਮਝਣਾ ਜ਼ਰੂਰੀ ਹੈ।

-0-

13. ਰਾਮਕਲੀ ਮਹਲਾ ੩, ਅਨੰਦੁ ਦੀ ੧੦ਵੀਂ ਪਉੜੀ

ਏ ਮਨ ਚੰਚਲਾ, ਚਤੁਰਾਈ, ਕਿਨੈ ਨ ਪਾਇਆ ॥ (ਪੰਨਾ-੯੧੮)
ਚਤੁਰਾਈ ਨ ਪਾਇਆ ਕਿਨੈ, ਤੂ ਸੁਣਿ, ਮੰਨ ਮੇਰਿਆ ॥
ਏਹ ਮਾਇਆ ਮੋਹਣੀ, ਜਿਨਿ, ਏਤੁ ਭਰਮਿ, ਭੁਲਾਇਆ ॥
ਮਾਇਆ ਤ ਮੋਹਣੀ, ਤਿਨੈ ਕੀਤੀ, ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ, ਤਿਸੈ ਵਿਟਹੁ, ਜਿਨਿ, ਮੋਹੁ ਮੀਠਾ ਲਾਇਆ ॥
ਕਹੈ ਨਾਨਕੁ, ਮਨ ਚੰਚਲ, ਚਤੁਰਾਈ, ਕਿਨੈ ਨ ਪਾਇਆ ॥੧੦॥

ਉਚਾਰਣ ਸੇਧਾਂ : ਚਤੁਰਾਈ- ਚਤੁਰਾਈਂ। ਤੂ- ਤੂੰ। ਤ- ਤਂ। ਵਿਟਹੁ- ਵਿਟਹੁਂ।

ਪਦ ਅਰਥ : ਚੰਚਲਾ - ਟਿਕ ਕੇ ਨਾ ਬੈਠਣ ਵਾਲਾ। ਚਤੁਰਾਈ - ਚਲਾਕੀ। ਠਗਉਲੀ - ਠੱਗ ਬੂਟੀ। ਵਿਟਹੁ - ਤੋਂ।

ਭਾਵ ਅਰਥ: ਸਦੀਵੀ ਖੇੜੇ ਲਈ ਮਨੁੱਖ ਦਾ ਮਨ ਭਟਕ ਰਿਹਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, "ਹੇ ਭਟਕਦੇ ਮਨਾ ! ਚਲਾਕੀਆਂ ਚਤੁਰਾਈਆਂ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ, ਕਿਉਂਕਿ ਤੇਰਾ ਮਨ ਪ੍ਰਭੂ ਦੀ ਦਾਸੀ ਮਾਇਆ (ਵਿਕਾਰਾਂ ਅਤੇ ਅਉਗੁਣਾਂ) ਵਿਚ ਭਟਕ ਰਿਹਾ ਹੈ। ਇਸ ਨੇ ਤੈਨੂੰ ਬੁਰੀ ਤਰ੍ਹਾਂ ਮੋਹਿਆ ਹੋਇਆ ਹੈ। ਜੇ ਕਿਤੇ ਤੂੰ ਇਸ ਮਾਇਆ ਦੇ ਪੈਦਾ ਕਰਨ ਵਾਲੇ ਪ੍ਰਭੂ ਤੋਂ ਸਦਕੇ ਜਾਵੇਂ ਤਾਂ ਤੇਰਾ ਮਨ ਟਿਕ ਜਾਵੇਗਾ।

-0-

14. ਰਾਗੁ ਸੂਹੀ ਮਹਲਾ ੫ (ਪੰਨਾ-੭੪੫)

ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ, ਜਿਤੁ, ਹਰਿ ਬਿਸਰਾਏ ॥੧॥ ਰਹਾਉ ॥
ਅਨਦੁ, ਗਰੀਬੀ, ਸਾਧਸੰਗਿ, ਜਿਤੁ, ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ, ਮਾਇਆ ਲਪਟਾਏ ॥੧॥
ਪੀਸਨੁ ਪੀਸਿ ਓਢਿ ਕਾਮਰੀ, ਸੁਖੁ ਮਨੁ ਸੰਤੋਖਾਏ ॥

ਐਸੋ ਰਾਜੁ ਨ ਕਿਤੈ ਕਾਜਿ, ਜਿਤੁ, ਨਹ ਤ੍ਰਿਪਤਾਏ ॥੨॥
ਨਗਨ ਫਿਰਤ, ਰੰਗਿ ਏਕ ਕੈ, ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ, ਜਿਹ ਰਚਿ, ਲੋਭਾਏ ॥੩॥
ਸਭੁ ਕਿਛੁ ਤੁਮ੍ਰੈ ਹਾਥਿ, ਪ੍ਰਭ, ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ, ਨਾਨਕ, ਦਾਨੁ ਪਾਏ ॥੪॥

ਉਚਾਰਣ ਸੇਧਾਂ : ਅਨਦੁ- ਅਨੰਦ। ਬਡਪਨਾ- ਬੱਡਪਨਾ। ਨਹ- ਨਹਂ। ਜਿਹ- ਜਿੰਹ। ਰਹਾ- ਰਹਾਂ, ਮਹਿ-ਮਹਿੰ।

ਪਦ ਅਰਥ : ਸੁਹਾਵੀ- ਸੋਹਣੀ, ਸੁੱਖ ਦੇਣ ਵਾਲੀ। ਛਾਪਰੀ- ਕੁੱਲੀ। ਥਉਲਹਰ- ਪੱਕੇ ਮਹੱਲ। ਬਡਪਨਾ- ਵੱਡੇ ਹੋਣ ਦਾ ਮਾਣ। ਪੀਸਨੁ- ਚੱਕੀ। ਪੀਸਿ- ਪੀਹ ਕੇ। ਓਢਿ- ਪਹਨ ਕੇ। ਕੈ ਰੰਗਿ- ਦੇ ਪ੍ਰੇਮ ਵਿਚ। ਪਟੰਬਰ- ਪਟ ਦੇ ਅੰਬਰ, ਰੇਸ਼ਮੀ ਕੱਪੜੇ।

ਭੂਮਿਕਾ : ਮਹਿਲਾਂ ਵਿਚ ਰਹਿਣ ਵਾਲੇ ਪਰ ਰੱਬ ਨੂੰ ਭੁੱਲ ਚੁੱਕੇ ਮਨੁੱਖ ਨਾਲੋਂ ਝੁੱਗੀ ਵਿਚ ਰਹਿਣ ਵਾਲਾ ਸਤਿਸੰਗੀ ਅਤੇ ਪ੍ਰਭੂ ਦੀ ਯਾਦ ਵਾਲਾ ਮਨੁੱਖ ਕਈ ਦਰਜੇ ਚੰਗਾ ਹੈ।

ਭਾਵ ਅਰਥ : ਜੋ ਮਨੁੱਖ ਸਾਧਸੰਗ ਵਿਚ ਰਹਿ ਕੇ ਨਾਮ ਦੀ ਬਖਸ਼ਿਸ਼ ਪ੍ਰਾਪਤ ਕਰਦਾ ਹੈ, ਉਸ ਦੇ ਅੰਦਰੋਂ ਨਿਮਰਤਾ, ਖੇੜਾ, ਅਤੇ ਆਨੰਦ ਝਲਕਦਾ ਹੈ। ਮਾਇਆ ਨਾਲ ਲਿਪਟੇ ਹੰਕਾਰ ਭਰੇ ਜੀਵਨ ਨੂੰ ਐਸਾ ਮਨੁੱਖ ਠੋਕਰ ਮਾਰ ਦਿੰਦਾ ਹੈ। ਮਨ ਨੂੰ ਸੰਤੋਖ ਦੇਣ ਵਾਲੀ ਧਰਮ ਦੀ ਕਿਰਤ ਨੂੰ ਉਹ ਸਿਰ ਧਰਦਾ ਹੈ, ਪਰ ਲਾਲਸਾਵਾਂ ਵਧਾਉਣ ਵਾਲਾ ਰਾਜ ਭਾਗ ਉਸ ਨੂੰ ਕਿਸੇ ਵੀ ਕੀਮਤ ਤੇ ਪ੍ਰਵਾਨ ਨਹੀਂ। ਪਰਮਾਤਮਾ ਦੇ ਰੰਗ ਵਿਚ ਰੰਗੇ ਹੋਏ ਮਨੁੱਖ ਨੂੰ ਜੇ ਦੁਨਿਆਵੀ ਪਦਾਰਥ ਨਾ ਵੀ ਮਿਲਣ ਤਾਂ ਵੀ ਉਹ ਖ਼ੁਸ਼ ਰਹਿੰਦਾ ਹੈ। ਗਰੀਬੀ ਦਾਹਵੇ ਵਿਚ ਵੀ ਸਤਿਸੰਗ ਪਾ ਕੇ ਸ਼ੋਭਾ ਪਾਉਂਦਾ ਹੈ। ਪਰ ਦੂਜੇ ਪਾਸੇ ਬਹੁਤ ਸਾਰੇ ਦੁਨਿਆਵੀ ਮਨ ਨੂੰ ਲੁਭਾਉਣ ਵਾਲੇ ਰੇਸ਼ਮੀ ਬਸਤਰ ਜੋ ਉਸਦੀ ਯਾਦ ਤੋਂ ਬਿਨਾਂ ਹਨ, ਉਹ ਐਸੇ ਸਤਿਸੰਗੀ ਪੁਰਖ ਲਈ ਵਿਅਰਥ ਹਨ। ਪ੍ਰਭੂ ਨੂੰ ਸਦਾ ਯਾਦ ਰੱਖਣ ਨਾਲ ਹੀ ਉਸਦੀ ਭਗਤੀ ਦੀ ਦਾਤ ਮਿਲਦੀ ਹੈ।

ਸਾਰੰਸ਼ : ਸਾਧ ਸੰਗ ਵਿਚ ਰਹਿੰਦਿਆਂ ਧਰਮ ਦੀ ਕਿਰਤ ਕਰਕੇ ਅਨਮੋਲ ਅਤੇ ਅਥਾਹ ਖੇੜਾ ਅਤੇ ਨਿਮਰਤਾ ਮਿਲਦੀ ਹੈ, ਪਰ ਵਾਹਿਗੁਰੂ ਜੀ ਦੀ ਯਾਦ ਤੋਂ ਸੱਖਣੀ ਅਮੀਰੀ ਅਤੇ ਰੇਸ਼ਮੀ ਬਸਤਰ ਕਿਸੇ ਕੰਮ ਦੇ ਨਹੀਂ।

-0-

15. ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ (ਪੰਨਾ-੪੮੫)

ਏਕ ਅਨੇਕ ਬਿਆਪਕ ਪੂਰਕ, ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ, ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ, ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ, ਨਹੀ ਕੋਈ ॥

ਸੂਤੁ ਏਕੁ ਮਣਿ ਸਤ ਸਹੰਸ ਜੈਸੇ, ਓਤਿ ਪੋਤਿ ਪ੍ਰਭੁ ਸੋਈ ॥1॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ, ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ, ਬਿਚਰਤ ਆਨ ਨ ਹੋਈ ॥੨॥
ਮਿਥਿਆ, ਭਰਮੁ ਅਰੁ ਸੁਪਨ ਮਨੋਰਥ, ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ, ਗੁਰ ਉਪਦੇਸੀ, ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ, ਹਰਿ ਕੀ ਰਚਨਾ, ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ, ਸਰਬ ਨਿਰੰਤਰਿ, ਕੇਵਲ, ਏਕ ਮੁਰਾਰੀ ॥੪॥

ਉਚਾਰਣ ਸੇਧਾਂ: ਦੇਖਉ- ਦੇਖਉਂ। ਸਤ- ਸ਼ਤ। ਲੀਲਾ- ਲ਼ੀਲਾ। ਉਪਦੇਸੀ- ਉਪਦੇਸ਼ੀ।

ਪਦ ਅਰਥ : ਬਿਆਪਕ- ਜੋ ਸਾਰੇ ਮੌਜੂਦ ਹੈ।ਪੂਰਕ- ਭਰਪੂਰ। ਬਚਿਤ੍ਰ- ਖੂਬਸੂਰਤ, ਬਿਮੋਹਿਤ- ਚੰਗੀ ਤਰ੍ਹਾਂ ਮੋਹੇ ਜਾਂਦੇ ਹਨ। ਸੂਤੁ- ਧਾਗਾ। ਸਤ- ਸੌ। ਸਹੰਸ- ਹਜ਼ਾਰਾਂ। ਓਤਿ- ਪੋਤਿ-ਤਾਣੇ ਪੇਟੇ ਵਿਚ। ਫੇਨ- ਝੱਗ। ਪਰਪੰਚੁ- ਇਹ ਦਿਸਦਾ ਤਮਾਸ਼ਾ, ਰੂਪ, ਸੰਸਾਰ। ਲੀਲਾ- ਖੇਡ। ਬਿਚਰਤ- ਵਿਚਾਰਿਆਂ। ਆਨ- ਹੋਰ। ਸੁਕ੍ਰਿਤ- ਨੇਕੀ।

ਭੂਮਿਕਾ : ਉਪਰੋਕਤ ਸ਼ਬਦ ਵਿਚ ਭਗਤ ਨਾਮਦੇਵ ਜੀ ਇਕ ਪਰਮਾਤਮਾ ਨੂੰ ਸਾਰੇ ਜਗਤ ਵਿਚ ਇਕੋ ਜਿਹਾ ਵਿਆਪਕ ਦੇਖਦੇ ਹੋਏ, ਸਾਰੀ ਰਚਨਾ ਨੂੰ ਉਸੇ ਦੀ ਹੀ ਖੇਡ ਦੱਸ ਰਹੇ ਹਨ। ਪਰ ਇਹ ਅਵਸਥਾ ਮਿਲਦੀ ਅਨੁਭਵ ਤੋਂ ਹੀ ਹੈ। ਕਿਸੇ ਵੀ ਹੋਰ ਦੁਨਿਆਵੀ ਉਦਾਹਰਣ ਨਾਲ ਇਸ ਨੂੰ ਨਹੀਂ ਸਮਝਿਆ ਜਾ ਸਕਦਾ।

ਭਾਵ ਅਰਥ : ਉਹ ਇਕ ਪ੍ਰਮਾਤਮਾ ਸਾਰੀ ਦੁਨੀਆਂ ਵਿਚ ਅਲੱਗ-ਅਲੱਗ ਰੂਪਾਂ ਵਿਚ ਬੜੀ ਭਰਪੂਰਤਾ ਨਾਲ ਪਸਰ ਰਿਹਾ ਹੈ। ਜਿਥੇ ਤੱਕ ਵੀ ਮੇਰੀ ਆਤਮਿਕ ਨਜ਼ਰ ਜਾਂਦੀ ਹੈ, ਉਥੇ ਤੱਕ ਓਹੀ ਹੈ। ਮਾਇਆ ਨੇ ਅਨੇਕਾਂ ਤਰ੍ਹਾਂ ਦੇ ਰੰਗਾ ਰੰਗ ਪਸਾਰਿਆਂ ਰਾਹੀਂ ਮਨੁੱਖ ਨੂੰ ਚੰਗੀ ਤਰ੍ਹਾਂ ਵਸ ਵਿਚ ਕੀਤਾ ਹੋਇਆ ਹੈ, ਇਸ ਲਈ ਸਾਡੀਆਂ ਬਾਹਰਲੀਆਂ ਅੱਖਾਂ ਨੂੰ ਸਿਰਫ ਦਿੱਸਦਾ ਹੀ ਨਜ਼ਰ ਆਉਂਦਾ ਹੈ।ਉਸ ਅਣਦਿਸਦੇ ਮਾਲਕ ਪਰਮਾਤਮਾ ਦਾ ਸਾਰੇ ਪਾਸੇ ਪਸਾਰ ਦੇਖਣ ਲਈ ਆਤਮਿਕ ਸੋਝੀ ਆਉਣੀ ਜ਼ਰੂਰੀ ਹੈ ਅਤੇ ਇਹ ਕਿਸੇ ਵਿਰਲੇ ਨੂੰ ਹੀ ਆਉਂਦੀ ਹੈ, ਸਾਰੇ ਪਾਸੇ ਓਹੀ ਸ੍ਰਿਸ਼ਟੀ ਦਾ ਮਾਲਕ ਵਾਹਿਗੁਰੂ ਰਸਿਆ ਹੋਇਆ ਹੈ। ਉਸ ਬਿਨਾਂ ਹੋਰ ਕੋਈ ਵੀ ਨਹੀਂ। ਇੱਕ ਪਤਲੇ ਜਿਹੇ ਧਾਗੇ ਵਿਚ ਜਿਵੇਂ ਸੈਂਕੜੇ, ਹਜ਼ਾਰਾਂ ਮੋਤੀ ਪਰੋਏ ਹੁੰਦੇ ਹਨ, ਉਸੇ ਤਰ੍ਹਾਂ ਸਾਰੀ ਸ੍ਰਿਸ਼ਟੀ ਪਰਮਾਤਮਾ ਰੂਪੀ ਧਾਗੇ ਵਿਚ ਪਰੋਈ ਹੋਈ ਹੈ। ਸਭ ਕੁਝ ਹੀ ਇਕ ਦੂਜੇ ਦਾ ਹਿੱਸਾ ਹੈ। ਇਕ ਬਿਨਾਂ ਦੂਜਾ ਕੁਝ ਵੀ ਨਹੀਂ ਕਰ ਸਕਦਾ। ਜਿਵੇਂ ਪਾਣੀ ਦੀ ਲਹਿਰ ਝੱਗ ਤੇ ਬੁਲਬੁਲਾ ਪਾਣੀ ਤੋਂ ਬਿਲਕੁਲ ਵੀ ਅਲੱਗ ਨਹੀਂ ਹਨ, ਬਲਕਿ ਪਾਣੀ ਦਾ ਅਲੱਗ ਅਲੱਗ ਰੂਪ ਹਨ। ਉਸੇ ਤਰ੍ਹਾਂ ਇਹ ਸਾਰਾ ਜਗਤ ਤਮਾਸ਼ਾ ਉਸ ਪਰਮਾਤਮਾ ਦੀ ਖੇਡ ਹੀ

ਹੈ। ਕਿਸੇ ਵੀ ਮਿਥਿਆ ਵਸਤੂ ਜਿਵੇਂ ਮ੍ਰਿਗ ਤ੍ਰਿਸ਼ਨਾ ਭਾਵ ਰੇਤੇ ਉੱਤੇ ਸੂਰਜ ਦੀਆਂ ਕਿਰਨਾਂ ਪੈਂਦੀਆਂ ਵੇਖ ਉਸ ਨੂੰ ਪਾਣੀ ਸਮਝ ਲੈਂਦਾ ਹੈ ਅਤੇ ਸੁਪਨਿਆਂ ਅਤੇ ਭਰਮਾਂ ਨੂੰ ਸੱਚ ਮੰਨ ਲੈਂਦਾ ਹੈ, ਪਰ ਜੇ ਸਮਝ ਆ ਜਾਵੇ ਤਾਂ ਪਤਾ ਲਗਦਾ ਹੈ ਕਿ ਪਾਣੀ ਨਹੀਂ ਅਸਲ ਤੱਤਾ ਰੇਤਾ ਹੀ ਹੈ। ਸੁਪਨੇ ਸੱਚ ਨਹੀਂ ਬਸ ਵਿਚਾਰ ਹੀ ਹਨ। ਪੂਰੇ ਗੁਰੂ ਦੇ ਉਪਦੇਸ਼ਾਂ ਦੁਆਰਾ ਹੀ ਇਹ ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪੂਰੇ ਗੁਰੂ ਦੇ ਉਪਦੇਸ਼ ਦੁਆਰਾ ਜਦੋਂ ਸੁੱਤੇ ਮਨ ਦੀ ਜਾਗ ਖੁਲ੍ਹਦੀ ਹੈ ਤਾਂ ਉਸਨੂੰ ਅਸਲੀਅਤ ਦੀ ਸਮਝ ਆਉਂਦੀ ਹੈ। ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਸਾਨੂੰ ਆਪਣੇ ਮਨ ਵਿਚ ਇਸ ਅਸਲੀਅਤ ਨੂੰ ਵਿਚਾਰ ਲੈਣਾ ਚਾਹੀਦਾ ਹੈ ਕਿ ਇਹ ਸਾਰੀ ਦੀ ਸਾਰੀ ਰਚਨਾ ਉਸ ਮਾਲਕ ਪਰਮਾਤਮਾ ਦੀ ਹੀ ਹੈ। ਸਭ ਦੇ ਹਿਰਦਿਆਂ ਵਿਚ ਉਹ ਇਕੋ ਜਿਹਾ ਹੀ ਵਸ ਰਿਹਾ ਹੈ। ਸਭ ਦਾ ਮਾਲਕ ਕੇਵਲ ਓਹੀ ਇੱਕ ਪਰਮਾਤਮਾ ਹੈ।

ਸਾਰੰਸ਼: ਭਗਤ ਨਾਮਦੇਵ ਜੀ ਉਪਰੋਕਤ ਸ਼ਬਦ ਵਿਚ ਪਰਮਾਤਮਾ ਦੀ ਹੋਂਦ ਬਾਰੇ ਸਮਝਾਉਂਦੇ ਹੋਏ ਕਹਿੰਦੇ ਹਨ, ਸਭ ਵਿਚ ਉਹ ਮਾਲਕ ਇਕੋ ਜਿਹਾ, ਉਸੇ ਤਰ੍ਹਾਂ ਹੀ ਰਸਿਆ ਹੋਇਆ ਹੈ, ਜਿਵੇਂ ਇਕ ਮਾਲਾ ਦੇ ਮਣਕਿਆਂ ਵਿਚਲਾ ਧਾਗਾ ਜਾਂ ਜਿਵੇਂ ਪਾਣੀ ਦੇ ਬੁਲਬੁਲੇ, ਪਰ ਇਸ ਅਵਸਥਾ ਨੂੰ ਸਮਝ ਸਕਣ ਲਈ ਪੂਰੇ ਗੁਰੂ ਦਾ ਉਪਦੇਸ਼ ਜ਼ਰੂਰੀ ਹੈ ਤਾਂ ਹੀ ਸੋਝੀ ਪ੍ਰਾਪਤ ਹੋ ਸਕਦੀ ਹੈ। ਸੋਝੀ ਪ੍ਰਾਪਤ ਹੋ ਜਾਣ ਤੇ ਸਾਰੇ ਪਾਸੇ ਉਸੇ ਦੀ ਹੀ ਹੋਂਦ ਸਮਝ ਵਿਚ ਆ ਜਾਂਦੀ ਹੈ।

***

ਜੀਵਨ ਵਿਕਾਸ

16. ਜੀਵਨ ਦੀ ਮਹਿਕ

ਕੁਦਰਤ ਦੀ ਇਸ ਅਨਮੋਲ ਬਖਸ਼ਿਸ਼ ਵਿਚ ਮਨੁੱਖ ਸਭ ਜੀਵਾਂ ਦਾ ਸਰਦਾਰ ਹੈ। ਕੁਦਰਤ ਨੇ ਇਸ ਨੂੰ ਸੋਚਣ, ਸਮਝਣ ਅਤੇ ਮਹਿਸੂਸ ਕਰਨ ਦੀਆਂ ਅਨਮੋਲ ਭਾਵਨਾਵਾਂ ਖੁੱਲੇ ਦਿਲ ਨਾਲ ਬਖਸ਼ੀਆਂ ਹਨ। ਫਿਰ ਵੀ ਇਹ ਦੁਨੀਆ ਤੇ ਆ ਕੇ ਸਿਰਫ ਦੂਜੇ ਜਾਨਵਰਾਂ ਵਾਂਗ ਖਾ ਪੀ ਕੇ ਵੱਡਾ ਹੋਵੇ, ਬੱਚੇ ਜੰਮੇ, ਪਾਲੇ ਅਤੇ ਮਰ ਜਾਵੇ ਤਾਂ ਇਹ ਕੁਦਰਤ ਦੀ ਅਨਮੋਲ ਸੌਗਾਤ ਦਾ ਮਜ਼ਾਕ ਉਡਾਉਣ ਦੇ ਤੁਲ ਹੀ ਹੈ। ਗੁਰਬਾਣੀ ਵਿਚ ਸਪੱਸ਼ਟ ਫੁਰਮਾਣ ਹੈ:-

ਮਾਣੂ ਘਲੈ, ਉਠੀ ਚਲੈ, ਸਾਦੁ ਨਾਹੀ ਇਵੇਹੀ ਗਲੈ॥

ਭਾਵ: ਵਾਹਿਗੁਰੂ ਅਕਾਲ ਪੁਰਖ ਮਨੁੱਖਾਂ ਨੂੰ ਧਰਤੀ ਤੇ ਭੇਜੇ, ਮਨੁੱਖ ਜੰਮਣ ਅਤੇ ਮਰ ਜਾਣ। ਇਸ ਵਿਚ ਤਾਂ ਕੋਈ ਸਵਾਦ ਨਹੀਂ।

ਕਿੰਨਾ ਚੰਗਾ ਹੋਵੇ ਜੇ ਮਨੁੱਖਾ ਜੀਵਨ ਦੀ ਅਨਮੋਲਤਾ ਨੂੰ ਸਮਝਦਿਆਂ ਅਸੀਂ ਇਸ ਨੂੰ ਵੱਧ ਤੋਂ ਵੱਧ ਸੁਚੱਜੇ ਢੰਗ ਨਾਲ ਜੀ ਸਕੀਏ ਅਤੇ ਸੁਚੱਜੇ ਢੰਗ ਨਾਲ ਜੀਵਨ ਜੀਊਣ ਲਈ ਸਭ ਤੋਂ ਜ਼ਿਆਦਾ ਜ਼ਰੂਰੀ ਹੈ, ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ।

ਪ੍ਰਸਿੱਧ ਵਿਚਾਰਵਾਨ ਅਤੇ ਸਿੱਖ ਪ੍ਰਚਾਰਕ ਗਿਆਨੀ ਜਗਜੀਤ ਸਿੰਘ ਜੀ ਸਿਦਕੀ ਦਾ ਸੁਚੱਜੇ ਜੀਵਨ ਦੀ ਸੇਧ ਲਈ ਇਕ ਬੜਾ ਭਾਵਨਾ ਪੂਰਤ ਕਥਨ ਹੈ, "ਬੱਚਿਆਂ ਨੂੰ ਦੁਲਾਰ, ਸਾਥੀਆਂ ਨੂੰ ਪਿਆਰ ਅਤੇ ਵੱਡਿਆਂ ਨੂੰ ਸਤਿਕਾਰ ਉਨ੍ਹਾਂ ਦਾ ਹੱਕ ਬਣਦਾ ਹੈ ਅਤੇ ਸਾਡਾ ਫਰਜ਼ ਹੈ। ਅਗਰ ਅਸੀਂ ਆਪਣੇ ਇਹ ਫਰਜ਼ ਪੂਰੇ ਨਹੀਂ ਕਰ ਰਹੇ ਹੁੰਦੇ ਤਾਂ ਅਸੀਂ "ਹੱਕ ਪਰਾਇਆ" ਖਾ ਰਹੇ ਹੁੰਦੇ ਹਾਂ" ਭਾਵ ਇਹੀ ਕਿ ਸਾਨੂੰ ਆਪਣੇ ਇਰਦ ਗਿਰਦ ਹਰ ਰਿਸ਼ਤੇ ਨੂੰ ਉਸਦੀ ਠੀਕ ਜਗ੍ਹਾ ਤੇ ਰਖਦਿਆਂ ਸਦਾ ਮਾਣ ਸਤਿਕਾਰ ਦੇਣਾ ਚਾਹੀਦਾ ਹੈ ਤਾਂ ਹੀ ਅਸੀਂ ਜੀਵਨ ਨੂੰ ਵੱਧ ਤੋਂ ਵੱਧ ਸੁਚੱਜੇ ਰੂਪ ਵਿਚ ਜੀ ਸਕਦੇ ਹਾਂ।

ਜਿਵੇਂ ਕਿਸੇ ਘਰ ਵਿਚ ਹਰ ਇਕ ਚੀਜ਼ ਟਿਕਾਣੇ ਤੇ ਪਈ ਹੋਣ ਨਾਲ ਘਰ ਵਿਚ ਵਿਚਰਨਾ ਸੌਖਾ ਹੋ ਜਾਂਦਾ ਹੈ। ਮਨ ਸ਼ਾਂਤ ਰਹਿੰਦਾ ਹੈ ਅਤੇ ਦੇਖਣ ਵਾਲੇ ਉੱਤੇ ਵੀ ਘਰ ਦੀ ਬਾਹਰੀ ਸੁਚੱਜਤਾ ਦਾ ਪ੍ਰਭਾਵ ਚੰਗਾ ਪੈਂਦਾ ਹੈ। ਉਸੇ ਤਰ੍ਹਾਂ ਹਰ ਰਿਸ਼ਤੇ ਨੂੰ ਬਣਦੀ ਥਾਂ ਅਤੇ ਮਾਣ-ਸਤਿਕਾਰ ਮਿਲਣ ਨਾਲ ਜੀਵਨ ਵਿਚ ਵਿਚਰਨਾ ਸੌਖਾ ਹੋ ਜਾਂਦਾ ਹੈ ਅਤੇ ਅੱਗੋਂ ਆਉਣ ਵਾਲੀਆਂ ਪੀੜ੍ਹੀਆਂ ਤੇ ਵੀ ਚੰਗਾ ਪ੍ਰਭਾਵ ਪੈਂਦਾ ਹੈ। ਇਸ ਸੰਬੰਧ ਵਿਚ ਪਰਿਵਾਰ ਦੇ ਹਰ ਇਕ ਮੈਂਬਰ ਨੂੰ ਘਰ ਦੀ ਸ਼ਾਂਤੀ ਵਿਚ ਆਪਣਾ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ। ਇਨਸਾਨ ਦਾ ਇਸ ਪੱਖੋਂ ਫਰਜ਼ ਪੈਦਾ ਹੋਣ ਤੋਂ ਹੀ ਸ਼ੁਰੂ ਹੋ ਜਾਂਦਾ ਹੈ।

ਬਚਪਨ:- ਮਨੁੱਖ ਪੈਦਾ ਹੁੰਦਾ ਹੈ, ਤਾਂ ਉਹ ਮਾਤਾ ਪਿਤਾ ਤੇ ਨਿਰਭਰ ਕਰਦਾ ਹੈ। ਮਾਤਾ ਪਿਤਾ ਖੁੱਦ ਤਕਲੀਫਾਂ ਸਹਿ ਕੇ ਵੀ ਉਸ ਨੂੰ ਪਾਲਦੇ ਹਨ। ਗਹੁ ਨਾਲ ਵਾਚੀਏ ਤਾਂ ਔਸਤਨ ਮਾਤਾ-ਪਿਤਾ ਦੀ ਆਤਮ ਸੰਤੁਸ਼ਟੀ ਆਪਣੇ ਬੱਚਿਆਂ ਦੇ ਆਲੇ ਦੁਆਲੇ ਹੀ ਨਿਰਭਰ ਹੁੰਦੀ ਹੈ। ਉਹ ਬੱਚਿਆਂ ਦੀ ਚੰਗੀ ਸਿਹਤ, ਚੰਗੀ ਵਿਦਿਆ, ਚੰਗੇ ਆਚਰਣ ਅਤੇ ਚੰਗੇ ਕੈਰੀਅਰ ਗ੍ਰਾਫ ਉੱਤੇ ਪੂਰਾ ਧਿਆਨ ਦਿੰਦੇ ਹਨ। ਤਾਂ ਬੱਚੇ ਦਾ ਕੁਦਰਤੀ ਰੂਪ ਵਿਚ ਫਰਜ਼ ਬਣ ਜਾਂਦਾ ਹੈ, ਜੀਵਨ ਬਣਾਉਣ ਵਾਲੇ ਮਾਤਾ-ਪਿਤਾ ਦਾ ਸਤਿਕਾਰ ਕਰਨਾ। ਉਨ੍ਹਾਂ ਦੀ ਹਰ ਚੰਗੀ ਅਤੇ ਸੁਲਝੀ ਸਲਾਹ ਨੂੰ ਸਿਰ ਮੱਥੇ ਮੰਨਣਾ। ਜੇ ਕਿਤੇ ਆਪਣਾ ਪੱਖ ਠੀਕ ਲਗਦਾ ਵੀ ਹੋਵੇ, ਤਾਂ ਨਿਮਰਤਾ ਅਤੇ ਹਲੀਮੀ ਨਾਲ ਪੇਸ਼ ਕਰਨਾ ਚਾਹੀਦਾ ਹੈ। ਵਿਦਿਆਰਥੀ ਰੂਪ ਵਿਚ ਉਸਨੂੰ ਅਧਿਆਪਕ ਅਤੇ ਹੋਰ ਸਭ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਿਸੇ ਵੇਲੇ ਮਾਤਾ-ਪਿਤਾ ਜਾਂ ਵੱਡਿਆਂ ਦੀ ਕੋਈ ਗਲ ਕਠੋਰ ਵੀ ਲੱਗੇ ਪਰ ਫਿਰ ਵੀ ਉਸ ਵਿਚ ਅਨੁਭਵ ਅਤੇ ਪਿਆਰ ਦੀ ਮਿਠਾਸ ਬਰਕਰਾਰ ਰਹਿੰਦੀ ਹੈ, ਸੋ ਬਦਾਮ ਵਾਂਗ ਉਸ ਦੇ ਬਾਹਰੀ ਕਠੋਰ ਰੂਪ ਨੂੰ ਨਾਂ ਦੇਖ ਕੇ ਸਗੋਂ ਅੰਦਰਲੇ ਕੋਮਲ ਗੁਣ ਨੂੰ ਅਪਣਾ ਲੈਣਾ ਚਾਹੀਦਾ ਹੈ। ਗੁਰਮਤਿ ਦਾ ਸਭ ਤੋਂ ਸੁਨਿਹਰੀ ਸਿਧਾਂਤ "ਹੁਕਮ ਮੰਨਣਾ" ਨੂੰ ਇਨਸਾਨ ਇਸੇ ਉਮਰ ਵਿਚ ਪ੍ਰਪੱਕ ਕਰ ਸਕਦਾ ਹੈ। ਇਹ ਸਮਝ ਕਿ "ਮਾਤਾ ਪਿਤਾ, ਅਧਿਆਪਕ ਅਤੇ ਹੋਰ ਬਜ਼ੁਰਗ ਸਦਾ ਮੇਰੇ ਭਲੇ ਬਾਰੇ ਹੀ ਸੋਚਦੇ ਹਨ। ਮੈਂ ਉਨ੍ਹਾਂ ਦਾ ਹੀ ਇਕ ਹਿੱਸਾ ਹਾਂ। ਉਹ ਮੇਰਾ ਬੁਰਾ ਕਿਵੇਂ ਸੋਚ ਸਕਦੇ ਹਨ"। ਐਸੀ ਪਵਿੱਤਰ ਅਤੇ ਸਮਰਪਿਤ ਭਾਵਨਾ ਨਾਲ ਜੇ ਵੱਡਿਆਂ ਦੀ ਗਲ ਮੰਨ ਲਈ ਜਾਵੇ ਤਾਂ ਜੀਵਨ ਰੋਜ਼ ਚੰਗੇ ਤੋਂ ਹੋਰ ਚੰਗੇਰਾ ਬਣਦਾ ਜਾਂਦਾ ਹੈ।

ਨੌਜੁਆਨੀ:– ਇਹ ਅਵਸਥਾ ਹੋਸ਼ ਨਾਲੋਂ ਵੱਧ ਜੋਸ਼ ਨਾਲ ਭਰੀ ਹੋਈ ਹੁੰਦੀ ਹੈ। ਇਸ ਸਮੇਂ ਇਨਸਾਨ ਨੂੰ ਕਾਮ, ਕ੍ਰੋਧ, ਹੰਕਾਰ ਆਦਿਕ ਪੰਜੇ ਭਰਾ ਬੜੀ ਜਲਦੀ ਆ ਚੰਬੜਦੇ ਹਨ। ਇਸ ਉਮਰ ਨੂੰ ਇਨਸਾਨ ਨੂੰ ਕੁਝ ਚੰਗਾ ਸਿੱਖਣ, ਕੁਝ ਚੰਗਾ ਕਰਨ ਅਤੇ ਜੀਵਨ ਨੂੰ ਕੁਝ ਚੰਗੇਰਾ ਦੇ ਜਾਣ ਦੇ ਉਦੇਸ਼ ਨਾਲ ਸੰਵਾਰਨਾ ਚਾਹੀਦਾ ਹੈ। ਚੰਗੇ ਵਿਦਵਾਨ, ਗੁਰੂ, ਪੀਰਾਂ ਨੂੰ ਪੜ੍ਹਨਾ, ਸੁਣਨਾ ਅਤੇ ਆਪਣੇ ਤੋਂ ਛੋਟਿਆਂ ਨੂੰ ਜੀਵਨ ਢੰਗ ਸਿਖਾਉਣਾ ਉਸ ਦਾ ਜੀਵਨ ਅਮਲ ਹੋਣਾ ਚਾਹੀਦਾ ਹੈ। ਇਸ ਉਮਰ ਦੇ ਮਰਦ ਅਤੇ ਔਰਤਾਂ ਦੋਹਾਂ ਨੂੰ ਆਪਣੇ ਅੰਦਰ ਇਤਨੇ ਚੰਗੇ ਇਨਸਾਨੀ ਗੁਣ ਪੈਦਾ ਕਰਨੇ ਚਾਹੀਦੇ ਹਨ ਕਿ ਆਉਣ ਵਾਲੀਆਂ ਪੀੜ੍ਹੀਆਂ ਦੇਖਾ ਦੇਖੀ ਹੀ ਚੰਗੀਆਂ ਹੁੰਦੀਆਂ ਜਾਣ।

ਮਰਦ ਨੂੰ ਪਹਿਲਾਂ ਇਕ ਚੰਗਾ ਪੁੱਤਰ ਅਤੇ ਇਕ ਚੰਗਾ ਵੀਰ ਹੋਣਾ ਚਾਹੀਦਾ ਹੈ। ਰੱਜ ਕੇ ਮਿਹਨਤ ਕਰਕੇ ਆਪਣੇ ਪੈਰਾਂ ਤੇ ਖੜੇ ਹੋਣਾ, ਮਾਤਾ ਪਿਤਾ ਦੀ ਆਗਿਆ ਵਿਚ ਰਹਿ ਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸੇਵਾ ਰਾਹੀਂ ਖੁਸ਼ ਰੱਖਣਾ, ਉਸ ਦਾ ਉਦੇਸ਼ ਹੋਵੇ। ਘਰ ਵਿਚ ਵੱਡੇ ਭੈਣਾਂ ਭਰਾਵਾਂ ਦਾ ਆਗਿਆਕਾਰ ਅਤੇ ਛੋਟਿਆਂ ਲਈ ਇਕ ਉਦਾਹਰਣ ਹੋਵੇ। ਵਿਆਹ ਹੋ ਜਾਵੇ ਤਾਂ ਪਤਨੀ ਲਈ ਪੂਰੀ ਤਰ੍ਹਾਂ ਸਮਰਪਿਤ ਹੋਵੇ। ਹਰ ਪਰਾਈ ਔਰਤ ਨੂੰ ਮਾਂ, ਭੈਣ ਜਾਂ ਬੇਟੀ ਦੇ ਰੂਪ ਵਿਚ ਦੇਖੇ। ਇਸ ਤੋਂ ਅੱਗੇ ਪਤਨੀ ਨੂੰ ਪੈਰ ਦੀ ਜੁੱਤੀ ਨਹੀਂ, ਸਗੋਂ ਇਕ ਮਿੱਤਰ ਸਮਝੇ। ਇਹ ਗੱਲ ਧਿਆਨ ਨਾਲ ਸਮਝ ਲੈਣੀ ਚਾਹੀਦੀ ਹੈ ਕਿ ਆਉਣ ਵਾਲੀ ਲੜਕੀ ਆਪਣੇ ਮਾਤਾ ਪਿਤਾ ਦਾ ਘਰ ਛੱਡ ਕੇ ਤੁਹਾਡੇ ਘਰ ਦੀ ਰੌਣਕ ਵਧਾਉਣ ਆ ਰਹੀ ਹੈ। ਮਾਤਾ ਪਿਤਾ ਵਲੋਂ ਮਿਲੇ ਸ਼ੁਭ ਗੁਣਾਂ ਨਾਲ ਤੁਹਾਡਾ ਘਰ ਸੁਆਰਨ ਆ ਰਹੀ ਹੈ। ਇਸ ਲਈ ਉਸਦਾ ਸੁਆਗਤ ਘਰ ਵਿਚ ਬੇਟੀ ਤੋਂ ਵੱਧ ਹੋਣਾ ਚਾਹੀਦਾ ਹੈ। ਇਹ ਯਾਦ ਰੱਖੀਏ ਕਿ ਉਹ ਇਕ ਬਿਲਕੁਲ ਵੱਖਰੇ ਮਾਹੌਲ ਵਿਚੋਂ ਆਈ ਹੈ ਅਤੇ ਉਸ ਨੇ ਅਜੇ ਇਸ ਘਰ ਵਿਚ ਜੜ੍ਹਾਂ ਲਾਉਣੀਆਂ ਹਨ, ਇਸ ਲਈ ਉਸਨੂੰ ਜ਼ਿਆਦਾ ਦੇਖਭਾਲ ਅਤੇ ਪਿਆਰ ਦੀ ਲੋੜ ਹੈ। ਉਸ ਦੀਆਂ ਛੋਟੀਆਂ ਮੋਟੀਆਂ ਕਮੀਆਂ ਨੂੰ ਦੇਖ ਕੇ ਅਣਡਿੱਠ ਕਰਦਿਆਂ ਪਤੀ ਨੂੰ ਵੱਧ ਤੋਂ ਵੱਧ ਦੋਸਤਾਨਾ ਸਲੂਕ ਦੇਣਾ ਚਾਹੀਦਾ ਹੈ ਅਤੇ ਸੱਸ ਸਹੁਰੇ ਨੂੰ ਵੀ ਉਸਦੇ ਔਗੁਣਾਂ ਨੂੰ ਅਣਡਿੱਠ ਕਰਦਿਆਂ, ਗੁਣਾਂ ਨੂੰ ਵਡਿਆਉਂਦਿਆਂ ਉਸ ਨਾਲ ਅਪਣੱਤ ਦੀ ਸਾਂਝ ਪਾ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਅਗਰ ਕਿਸੇ ਵੇਲੇ ਕਿਤੇ ਟੋਕਣ ਦੀ ਵੀ ਜ਼ਰੂਰਤ ਪਵੇ ਤਾਂ ਆਪਸ ਵਿਚ ਗਲਤ ਫਹਿਮੀਆਂ ਨਹੀਂ ਖੜ੍ਹੀਆਂ ਹੁੰਦੀਆਂ।

ਪਤੀ ਨੂੰ ਆਪਣੀ ਸਾਥਨ ਨੂੰ ਵੱਧ ਵੱਧ ਪਿਆਰ ਦਿੰਦਿਆਂ ਉਸਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਉਸ ਦੇ ਮਾਤਾ ਪਿਤਾ ਅਤੇ ਹੋਰ ਸੰਬੰਧੀਆਂ ਪ੍ਰਤੀ ਵੀ ਸਤਿਕਾਰ ਪੂਰਣ ਰਵੱਈਆ ਰਖਦਿਆਂ ਸਾਥਣ ਨੂੰ ਵੀ ਆਪਣੇ ਬਰਾਬਰ ਖੜਾ ਕਰਨਾ ਚਾਹੀਦਾ ਹੈ।

ਪਿਤਾ ਦੇ ਰੂਪ ਵਿਚ ਇਸ ਉਮਰ ਦੇ ਮਰਦ ਨੂੰ ਆਪਣੇ ਬੱਚਿਆਂ ਸਾਹਮਣੇ ਵੱਧ ਤੋਂ ਵੱਧ ਚੰਗਾ ਆਚਰਣ ਪੇਸ਼ ਕਰਦਿਆਂ ਉਨ੍ਹਾਂ ਦੀ ਹਰ ਪ੍ਰਕਾਰ ਦੀ ਜ਼ਰੂਰਤ ਦਾ ਵੀ

ਧਿਆਨ ਰੱਖਣਾ ਚਾਹੀਦਾ ਹੈ। ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਪ੍ਰਤੀ ਪੂਰੀ ਤਰ੍ਹਾਂ ਸੁਜੱਗ ਹੋਣਾ ਚਾਹੀਦਾ ਹੈ।ਇਸੇ ਦੇ ਨਾਲ ਹੀ ਆਪਣੀਆਂ ਸਮਾਜਿਕ ਅਤੇ ਧਾਰਮਿਕ ਜਿੰਮੇਵਾਰੀਆਂ ਪ੍ਰਤੀ ਵੀ ਵੱਧ ਤੋਂ ਵੱਧ ਸੁਚੇਤ ਹੋਣਾ ਚਾਹੀਦਾ ਹੈ ਤਾਂ ਜੋ ਬੱਚੇ ਵੀ ਇਸ ਸਭ ਕੁਝ ਨੂੰ ਦੇਖ ਕੇ ਸਮਝਣ ਅਤੇ ਕਲ੍ਹ ਨੂੰ ਸਮਾਜ ਨੂੰ ਹੋਰ ਚੰਗੇਰਾ ਬਣਾਉਣ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣ। ਪਿਤਾ ਨੂੰ ਸਵੇਰੇ ਉਠਾਉਣ ਤੋਂ ਹੀ ਬੱਚਿਆਂ ਪ੍ਰਤੀ ਆਪਣੀ ਜਿੰਮੇਵਾਰੀ ਜ਼ਾਹਿਰ ਕਰ ਦੇਣੀ ਚਾਹੀਦੀ ਹੈ। ਸਵੇਰੇ ਉਠਾਉਂਦੇ ਸਮੇਂ ਹੀ ਛੋਟੇ ਬੱਚਿਆਂ ਨੂੰ ਬਿਸਤਰੇ ਤੇ ਹੀ ਗਲਵਕੜੀ ਵਿਚ ਲੈ ਕੇ ਅਗਰ ਪਿਆਰ ਦਿੱਤਾ ਜਾਵੇ ਤਾਂ ਇਕ ਤਾਂ ਬੱਚੇ ਨੂੰ ਉਠਾਉਣਾ ਸੌਖਾ ਹੋ ਜਾਂਦਾ ਹੈ ਅਤੇ ਦੂਜਾ ਬੱਚਾ ਪਿਤਾ ਦੇ ਪਿਆਰ ਦੀ ਨਿੱਘ ਨੂੰ ਮਹਿਸੂਸ ਕਰਦਾ ਹੈ।

ਨੌਜੁਆਨ ਔਰਤ ਨੂੰ ਪਹਿਲਾਂ ਇਕ ਚੰਗੀ ਬੇਟੀ, ਇਕ ਚੰਗੀ ਭੈਣ ਅਤੇ ਇਕ ਚੰਗੀ ਵਿਦਿਆਰਥਣ ਹੋਣਾ ਚਾਹੀਦਾ ਹੈ। ਉਹ ਮਾਤਾ ਪਿਤਾ ਦੀ ਹਰ ਸਲਾਹ ਨੂੰ ਸਿਰ ਮੱਥੇ ਮੰਨਣ ਵਾਲੀ ਆਦਰਸ਼ ਅਤੇ ਅਗਿਆਕਾਰ ਬੇਟੀ ਹੋਵੇ, ਵੱਡੇ ਭੈਣਾਂ ਭਰਾਵਾਂ ਪ੍ਰਤੀ ਸਤਿਕਾਰ ਭਰੀ ਅਤੇ ਆਗਿਆਕਾਰ ਹੋਵੇ ਅਤੇ ਛੋਟੇ ਭੈਣਾਂ ਭਰਾਵਾਂ ਪ੍ਰਤੀ ਪਿਆਰ ਅਤੇ ਮਮਤਾ ਭਰੀ ਵੱਡੀ ਭੈਣ। ਇਸ ਉਮਰ ਦੀ ਲੜਕੀ ਨੂੰ ਆਪਣੇ ਵਿਚ ਵੱਧ ਤੋਂ ਵੱਧ ਸ਼ੁਭ ਗੁਣ ਭਰਨੇ ਚਾਹੀਦੇ ਹਨ। ਅੰਗਰੇਜ਼ੀ ਦੀ ਕਹਾਵਤ ਹੈ ਜਿਸ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਇਸ ਉਮਰ ਦੀ ਲੜਕੀ ਨੂੰ ਕੀ ਕੀ ਸਿੱਖ ਲੈਣਾ ਚਾਹੀਦਾ ਹੈ।

How To Cook, How To Look, How To Talk, How To Walk
How To Knit, How To Sit, How To Learn, How To Earn

ਭਾਵ: ਔਰਤ ਨੂੰ ਇਹ ਸਭ ਕੁਝ ਚੰਗੀ ਤਰ੍ਹਾਂ ਆਉਣਾ ਚਾਹੀਦਾ ਹੈ ਕਿ ਪਕਾਣਾ ਕਿਵੇਂ ਹੈ ਅਤੇ ਵੇਖਣਾ ਕਿਵੇਂ ਹੈ। ਗੱਲਬਾਤ ਕਿਵੇਂ ਕਰਨੀ ਹੈ ਅਤੇ ਤੁਰਨਾ ਕਿਵੇਂ ਹੈ। ਸੀਊਣਾ-ਬੁਨਣਾ ਕਿਵੇਂ ਹੈ ਅਤੇ ਬੈਠਣਾ ਕਿਵੇਂ। ਸਿੱਖਣਾ ਕਿਵੇਂ ਹੈ ਅਤੇ ਕਮਾਉਣਾ ਕਿਵੇਂ ਹੈ।

ਭਾਵ: ਔਰਤ ਨੂੰ ਆਪਣੇ ਅੰਦਰ ਬਾਹਰੀ ਅਤੇ ਅੰਦਰੂਨੀ ਦੋਵੇਂ ਤਰ੍ਹਾਂ ਦੀ ਗੁਣਾਂ ਨਾਲ ਭਰੀ ਹੋਈ ਸੁੰਦਰਤਾ ਪੈਦਾ ਕਰਨੀ ਚਾਹੀਦੀ ਹੈ ਤਾਂ ਹੀ ਉਹ ਇਕ ਸੰਪੂਰਨ ਔਰਤ ਹੋ ਸਕਦੀ ਹੈ। ਫਿਰ ਇਥੇ ਓਵਰਨਿਗ ਤੋਂ ਭਾਵ ਸਿਰਫ ਪੈਸਾ ਕਮਾਉਣਾ ਨਹੀਂ ਹੈ। ਸਗੋਂ ਸਭ ਤੋਂ ਪਹਿਲਾਂ ਸਬਰ ਕਮਾਉਣਾ, ਪਿਆਰ ਕਮਾਉਣਾ, ਫਿਰ ਜੇ ਲੋੜ ਹੋਵੇ ਤਾਂ ਪੈਸਾ ਕਮਾਉਣਾ ਅਤੇ ਫਿਰ ਜੇ ਪਰਿਵਾਰਿਕ ਮਾਹੌਲ ਇਜ਼ਾਜ਼ਤ ਦੇਵੇ ਤਾਂ ਸਮਾਜਿਕ ਤੌਰ ਤੇ ਇੱਜ਼ਤ ਅਤੇ ਪ੍ਰਸਿੱਧੀ ਕਮਾਉਣਾ।

ਹਰ ਲੜਕੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿਸ ਘਰ ਵਿਚ ਉਹ ਜਾ ਰਹੀ ਹੈ। ਉਸ ਘਰ ਦੇ ਆਪਣੇ ਕਾਇਦੇ ਕਾਨੂੰਨ ਅਤੇ ਅਨੁਸ਼ਾਸ਼ਨ ਹੈ। ਭਾਵੇਂ ਲੜਕੀ ਕਿਤਨੀ ਵੀ ਪੜ੍ਹੀ ਲਿਖੀ ਅਤੇ ਸਿਆਣੀ ਕਿਉਂ ਨਾ ਹੋਵੇ। ਕਦੀ ਵੀ ਜਾਂਦਿਆਂ ਹੀ ਸੌਹਰੇ ਘਰ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਗੋਂ ਦੋ ਤਿੰਨ ਸਾਲ ਸਾਰਾ ਕੁਝ ਚੰਗੀ

ਤਰ੍ਹਾਂ ਦੇਖਣਾ ਅਤੇ ਸਮਝਣਾ ਚਾਹੀਦਾ ਹੈ। ਨਿਮਰਤਾ ਰਾਹੀਂ ਅਪਣੱਤ ਦੀ ਸਾਂਝ ਪਾ ਲੈਣੀ ਚਾਹੀਦੀ ਹੈ। ਪਤੀ ਨੂੰ ਆਪਣੇ ਤੋਂ ਵੱਡਾ, ਸਮਝਦਾਰ ਅਤੇ ਸਮਾਜਿਕ ਤੌਰ ਤੇ ਆਪਣੇ ਤੋਂ ਵੱਧ ਇੱਜ਼ਤ ਦਾ ਹੱਕਦਾਰ ਸਮਝ ਕੇ ਮਾਣ ਸਨਮਾਨ ਦੇਣਾ ਚਾਹੀਦਾ ਹੈ। ਸੱਸ ਸਹੁਰੇ ਨੂੰ ਮਾਤਾ ਪਿਤਾ ਤੋਂ ਵੱਧ ਸਤਿਕਾਰ ਦੇਣਾ ਚਾਹੀਦਾ ਹੈ। ਬੇਟੀ ਬਣ ਕੇ ਉਨ੍ਹਾਂ ਦੇ ਦੁੱਖ ਸੁੱਖ ਸੁਣ ਕੇ ਸੇਵਾ ਰਾਹੀਂ ਹਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਪਰ ਨੂੰਹ ਹੋਣ ਦੇ ਫਰਜ਼ਾਂ ਤੋਂ ਅਵੇਸਲੇ ਨਹੀਂ ਹੋਣਾ ਚਾਹੀਦਾ। ਅੰਮ੍ਰਿਤ ਵੇਲਾ ਗੁਰੂ ਦੀ ਬਖਸ਼ਿਸ਼ ਤੋਂ ਬਾਅਦ ਘਰ ਦੇ ਬਜ਼ੁਰਗਾਂ ਦੀ ਅਸ਼ੀਰਵਾਦ ਨਾਲ ਸ਼ੁਰੂ ਕੀਤਾ ਜਾਵੇ ਤਾਂ ਚੰਗਾ ਹੈ। ਝੁੱਕ ਕੇ ਵੱਡਿਆਂ ਤੋਂ ਪਿਆਰ ਲੈਣਾ ਭਾਵੇਂ ਦੇਖਣ ਨੂੰ ਇਕ ਬਾਹਰੀ ਦਿਖਾਵਾ ਮਾਤਰ ਲੱਗੇ ਪਰ ਇਸ ਵਿਚ ਰਿਸ਼ਤਿਆਂ ਦਾ ਸਤਿਕਾਰ, ਅਪਣੱਤ ਅਤੇ ਵੱਡਿਆਂ ਦੇ ਬਹੁਮੁੱਲੇ ਅਸ਼ੀਰਵਾਦ ਛੁਪੇ ਹੁੰਦੇ ਹਨ। ਹੰਕਾਰ ਵਿਚ ਇਨ੍ਹਾਂ ਤੋਂ ਵਾਂਝੇਂ ਰਹਿਣ ਨਾਲੋਂ ਝੁੱਕ ਕੇ ਇਨ੍ਹਾਂ ਬੇਸ਼ਕੀਮਤੀ ਖਜ਼ਾਨਿਆਂ ਨੂੰ ਲੁੱਟਣਾ ਹਜ਼ਾਰ ਦਰਜੇ ਲਾਹੇਵੰਦ ਹੈ। ਗੁਰਮਤਿ ਉਸ ਆਕੜੀ ਨੂੰਹ ਨੂੰ ਪ੍ਰਵਾਨ ਨਹੀਂ ਕਰਦੀ, ਜੋ ਅਨੁਭਵ ਨਾਲ ਭਰੀ ਸੱਸ ਅੱਗੇ ਝੁੱਕ ਕੇ ਅਸੀਸ ਲੈਣਾ ਨਹੀਂ ਜਾਣਦੀ। ਇਸ ਤੋਂ ਇਲਾਵਾ ਘਰ ਦੇ ਵੱਡੇ ਜੇਠਾਂ, ਨਣਾਣਾਂ ਨੂੰ ਵੀ ਸਤਿਕਾਰ ਦਿੰਦਿਆਂ ਪਿਆਰ ਪਾਉਣਾ ਚਾਹੀਦਾ ਹੈ ਅਤੇ ਛੋਟੇ ਦਿਓਰਾਂ ਨਨਾਣਾਂ ਤੋਂ ਮਮਤਾ ਮਈ ਵੱਡੀਆਂ ਭੈਣਾਂ ਵਰਗਾ ਸਤਿਕਾਰ ਲੈਣਾ ਚਾਹੀਦਾ ਹੈ। ਸਦਾ ਯਾਦ ਰੱਖੀਏ ਕਿ ਅਸੀਂ ਜੋ ਦੇਣ ਤੁਰਦੇ ਹਾਂ ਉਹੀ ਦੁਗਣੇ, ਚੌਗੁਣੇ ਰੂਪ ਵਿਚ ਸਾਡੇ ਤੇ ਵਰਸ ਪੈਂਦਾ ਹੈ। ਅਗਰ ਲੜਕੀ ਸਹੁਰੇ ਘਰ ਵਿਚ ਪਿਆਰ ਸਤਿਕਾਰ ਦੇ ਗਹਿਣਿਆਂ ਨਾਲ ਲੱਦੀ ਹੋਈ ਜਾਵੇ ਤੇ ਜਾ ਕੇ ਦੋਵੇਂ ਹੱਥੀਂ ਇਨ੍ਹਾਂ ਨੂੰ ਪਰਿਵਾਰ ਤੇ ਲੁਟਾ ਦੇਵੇ, ਤਾਂ ਭਾਵੇਂ ਦੇਰ ਨਾਲ ਹੀ ਸਹੀ ਇਹ ਹਜ਼ਾਰ ਗੁਣਾਂ ਹੋ ਕੇ ਵਾਪਸ ਇਤਨੀ ਜ਼ਿਆਦਾ ਸੁਰੱਖਿਆ ਔਰਤ ਨੂੰ ਘਰ ਵਿਚ ਦਿੰਦਾ ਹੈ ਕਿ ਸੱਚੀ ਆਜ਼ਾਦੀ ਦੇ ਅਰਥ ਸਮਝ ਵਿਚ ਆ ਜਾਂਦੇ ਹਨ।

ਮਾਂ ਬਣ ਕੇ ਔਰਤ ਦੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ। ਸਵੇਰੇ ਜਾਗਣ ਤੋਂ ਲੈ ਕੇ ਰਾਤ ਦੇ ਸੌਣ ਤਕ ਮਾਂ ਦਾ ਧਿਆਨ ਪੂਰੇ ਦਾ ਪੂਰਾ ਬੱਚਿਆਂ ਦੀਆਂ ਨਿੱਕੀਆਂ ਨਿੱਕੀਆਂ ਜ਼ਰੂਰਤਾਂ ਪੂਰੀਆਂ ਕਰਨ ਤੇ ਹੋਣਾ ਚਾਹੀਦਾ ਹੈ। ਇਸ ਨਾਜ਼ੁਕ ਸਮੇਂ ਨੂੰ ਅਗਰ ਔਰਤ ਘਰ ਦੇ ਅੰਦਰ ਹੀ ਰਹਿ ਕੇ ਬੱਚਿਆਂ ਦੀ ਪਰਿਵਰਿਸ਼ ਨੂੰ ਨਿੱਘੀ ਤਰ੍ਹਾਂ ਪ੍ਰਵਾਨ ਚੜ੍ਹਾਉਣ ਦੀ ਕੋਸ਼ਿਸ਼ ਨਾਲ ਗੁਜ਼ਾਰੇ, ਤਾਂ ਜ਼ਿਆਦਾ ਬੇਹਤਰ ਹੈ। ਕਿਉਂਕਿ ਇਹ ਆਪਣੇ ਆਪ ਵਿਚ 24 ਘੰਟੇ ਦੀ ਡਿਊਟੀ ਹੈ। ਮਜ਼ਬੂਰੀ ਵੱਸ ਜੇ ਘਰੋਂ ਬਾਹਰ ਨਿਕਲਣਾ ਵੀ ਪਵੇ ਤਾਂ ਕੋਸ਼ਿਸ਼ ਬੱਚਿਆਂ ਨੂੰ ਵੱਧ ਤੋਂ ਵੱਧ ਸਮਾਂ ਦੇਣ ਦੀ ਹੋਣੀ ਚਾਹੀਦੀ ਹੈ। ਕਿਉਂਕਿ ਛੋਟੇ ਬੱਚੇ ਗਿੱਲੀ ਮਿੱਟੀ ਸਮਾਨ ਹੁੰਦੇ ਹਨ। ਇਸ ਉਮਰ ਵਿਚ ਅਗਰ ਉਨ੍ਹਾਂ ਨੂੰ ਗਲਤ ਸੰਗਤ ਜਾਂ ਸੰਸਕਾਰ ਮਿਲ ਗਏ ਤਾਂ ਉਹ ਸਾਰੀ ਉਮਰ ਠੀਕ ਨਹੀਂ ਹੋ ਸਕਦੇ। ਔਰਤ ਜਦੋਂ ਘਰ ਵਿਚ ਸੱਸ ਸੌਹਰੇ ਦਾ ਸਤਿਕਾਰ ਕਰੇਗੀ। ਪਤੀ ਨੂੰ ਸਲਾਹ ਦੇਵੇ ਪਰ ਸਤਿਕਾਰ ਵਜੋਂ ਅਖੀਰਲਾ ਫੈਸਲਾ ਪਤੀ ਤੇ ਛੱਡ ਦੇਵੇ, ਤਾਂ ਬੱਚੇ ਆਪ ਮੁਹਾਰੇ ਹੀ ਮਾਤਾ ਦੀ ਇੱਜ਼ਤ ਕਰਨਾ ਸਿੱਖ ਜਾਣਗੇ। ਸਾਡੇ ਘਰਾਂ ਦੇ ਅਜੋਕੇ ਨਰਕ ਦਾ ਬਹੁਤਾ ਹਿੱਸਾ ਇਸੇ ਕਾਰਣ ਹੈ

ਕਿ ਔਰਤ ਜਿਸ ਨੇ ਪਰਿਵਾਰ ਨੂੰ ਚੰਗੇ ਸੰਸਕਾਰ ਦੇਣੇ ਸਨ ਉਹ ਖੁੱਦ ਹੀ ਸੰਸਕਾਰ ਰਹਿਤ ਹੈ। ਆਜ਼ਾਦੀ ਅਤੇ ਬਰਾਬਰੀ ਦੇ ਨਾਂ ਹੇਠ ਘਰ ਵਿਚ ਵੱਡਿਆਂ ਦੀ ਅਤੇ ਪਤੀ ਦੀ ਇੱਜ਼ਤ ਜਦੋਂ ਗਾਇਬ ਹੁੰਦੀ ਹੈ ਤਾਂ ਬੱਚੇ ਵੀ ਦੇਖਾ ਦੇਖੀ ਐਸਾ ਹੀ ਕਰਦੇ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਇਹ ਇਨਫੈਕਸ਼ਨ ਫੈਲਦਾ ਜਾਂਦਾ ਹੈ। ਮਨੁੱਖਤਾ ਬਦ ਤੋਂ ਬਦਤਰ ਹੁੰਦੀ ਚਲੀ ਜਾਂਦੀ ਹੈ। ਸੋ ਇਸ ਉਮਰ ਦੀ ਔਰਤ ਨੂੰ ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਮਹਿਸੂਸ ਕਰਦਿਆਂ ਤਨਦੇਹੀ ਨਾਲ ਪੂਰਾ ਕਰਨਾ ਚਾਹੀਦਾ ਹੈ। ਪਤੀ ਦੀ ਸਲਾਹਕਾਰ ਹੋਵੇ। ਬਜ਼ੁਰਗਾਂ ਦੀ ਆਗਿਆਕਾਰ ਹੋਵੇ ਅਤੇ ਬੱਚਿਆਂ ਲਈ ਨਿਰੋਲ ਦੁਲਾਰ ਹੋਵੇ ਤਾਂ ਉਹ ਅਸਲ ਅਰਥਾਂ ਵਿਚ ਔਰਤ ਬਣਦੀ ਹੈ।

ਬਜ਼ੁਰਗੀ : ਬਜ਼ੁਰਗ ਕਿਸੇ ਵੀ ਸਮਾਜ ਦਾ ਸਭ ਤੋਂ ਅਨਮੋਲ ਸਰਮਾਇਆ ਹੁੰਦੇ ਹਨ। ਜੋ ਵਰ੍ਹਿਆਂ ਦੀ ਪੂੰਜੀ ਖਰਚ ਕੇ ਕਮਾਇਆ ਗਿਆ ਹੁੰਦਾ ਹੈ। ਇਨ੍ਹਾਂ ਦੇ ਜੀਵਨ ਅਮਲ ਨਾਲ ਭਰਪੂਰ ਅਨੁਭਵ ਸਾਹਮਣੇ ਵੱਡੀਆਂ ਵੱਡੀਆਂ ਦੁਨਿਆਵੀ ਪੜ੍ਹਾਈ ਦੀਆਂ ਡਿਗਰੀਆਂ ਥੋੜ੍ਹੀਆਂ ਹੋ ਜਾਂਦੀਆਂ ਹਨ। ਬਜ਼ੁਰਗੀ ਵਿਚ ਜਿਥੇ ਇਸ ਅਨੁਭਵ ਲਈ ਸਵੈ ਮਾਣ ਹੋਣਾ ਜ਼ਰੂਰੀ ਹੈ। ਉਥੇ ਇਸ ਤੋਂ ਪੈਦਾ ਹੋਣ ਵਾਲੇ ਮਾਰੂ ਹੰਕਾਰ ਤੋਂ ਬਚਣਾ ਵੀ ਜ਼ਰੂਰੀ ਹੈ। ਨੌਜੁਆਨ ਬੱਚਿਆਂ ਨੂੰ ਆਪਣੇ ਤਜ਼ਰਬਿਆਂ ਰਾਹੀਂ ਜਿਥੇ ਉਨ੍ਹਾਂ ਦੇ ਰਾਹ ਵਿਚੋਂ ਆਉਣ ਵਾਲੀਆਂ ਮੁਸ਼ਕਲਾਂ ਤੋਂ ਬਚਾਉਣਾ ਚਾਹੀਦਾ ਹੈ। ਉਥੇ ਨੌਜੁਆਨਾਂ ਦੇ ਨਵੇਂ ਨਵੇਂ ਛੋਟੇ ਤਜ਼ਰਬਿਆਂ ਨੂੰ ਸੁਣ ਕੇ ਉਨ੍ਹਾਂ ਨੂੰ ਵੱਡੀਆਂ ਕੋਸ਼ਿਸ਼ਾਂ ਲਈ ਉਤਸ਼ਾਹਿਤ ਕਰਨਾ ਵੀ ਬਜ਼ੁਰਗਾਂ ਲਈ ਉਤਨਾ ਹੀ ਜ਼ਰੂਰੀ ਹੈ। ਬਜ਼ੁਰਗ ਮਾਤਾ ਪਿਤਾ ਨੂੰ ਸਦਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬੱਚੇ ਉਨ੍ਹਾਂ ਦਾ ਆਪਣਾ ਹੀ ਹਿੱਸਾ ਹਨ। ਬਹੁਤਾ ਟੋਕਣ ਅਤੇ ਕਾਂਟ ਛਾਂਟ ਨਾਲ ਉਨ੍ਹਾਂ ਦੇ ਵਿਅਕਤੀਤਵ ਬੌਣੇ ਰਹਿ ਜਾਂਦੇ ਹਨ।

ਬਜ਼ੁਰਗ ਐਸੇ ਛਾਂਦਾਰ ਦਰਖਤ ਹੋਣੇ ਚਾਹੀਦੇ ਹਨ, ਜਿਥੇ ਦਿਨ ਭਰ ਦੇ ਥੱਕੇ ਬੱਚੇ ਆ ਕੇ ਨਿੱਘੀ ਗੋਦ ਅਤੇ ਮਿੱਠੀ ਛਾਂ ਦਾ ਆਨੰਦ ਮਾਨਣ ਅਤੇ ਨਾਲ ਹੀ ਉਮਰ ਦੇ ਕਮਾਏ ਇਨ੍ਹਾਂ ਦੇ ਤਜ਼ੁਰਬੇ ਭਰਪੂਰ ਫਲਾਂ ਨਾਲ ਆਪਣੀ ਸ਼ਕਤੀ ਨੂੰ ਹੋਰ ਨਰੋਇਆ ਕਰ ਸਕਣ, ਇਹ ਥੱਕੇ ਹਾਰੇ ਅਤੇ ਦੁਨੀਆ ਦੇ ਥਪੇੜਿਆਂ ਨਾਲ ਨਿਰਾਸ਼ ਹੋਏ ਬੱਚਿਆਂ ਨੂੰ ਆਪਣੇ ਨਿੱਘੇ ਕਲਾਵੇ ਵਿਚ ਲੈ ਪਿਆਰ ਅਤੇ ਵਿਸ਼ਵਾਸ਼ ਨਾਲ ਹੌਸਲਾ ਦੇ ਕੇ ਸਮਾਜਿਕ ਬੁਰਾਈਆਂ ਦੇ ਖਿਲਾਫ ਲੜ ਸਕਣ ਦੇ ਯੋਗ ਬਣਾਉਣ। ਯਾਦ ਰਖੀਏ ਜੋ ਕੁਝ ਅਸੀਂ ਨੌਜੁਆਨੀ ਦੀ ਉਮਰ ਵਿਚ ਆਪਣੀਆਂ ਮਜ਼ਬੂਰੀਆਂ ਕਾਰਣ ਨਹੀਂ ਕਰ ਸਕਦੇ, ਉਹ ਸਭ ਕੁਝ ਸਾਡੇ ਲਈ ਸਾਡੇ ਬੱਚੇ ਕਰ ਸਕਦੇ ਹਨ, ਜੇ ਅਸੀਂ ਇਨ੍ਹਾਂ ਦੇ ਦੋਸਤ ਬਣ ਕੇ ਇਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਏ।

ਜਿੱਥੇ ਬੱਚਿਆਂ ਦਾ ਫਰਜ਼ ਹੈ ਬਜ਼ੁਰਗਾਂ ਦੇ ਆਖੇ ਲੱਗਣਾ ਅਤੇ ਉਨ੍ਹਾਂ ਦੀ ਸੇਵਾ ਕਰਨਾ, ਉਥੇ ਬਜ਼ੁਰਗਾਂ ਨੂੰ ਸੇਵਾ ਕਰਾਉਣ ਦੀ ਸਮਝ ਹੋਣੀ ਚਾਹੀਦੀ ਹੈ। ਵੱਡੇ ਹੋਣ ਦਾ ਹੰਕਾਰ ਘਰਾਂ ਨੂੰ ਨਰਕ ਬਣਾ ਕੇ ਰੱਖ ਦਿੰਦਾ ਹੈ। ਨੌਜੁਆਨ ਬੱਚਿਆਂ ਦੀ ਨਿੱਜੀ ਜ਼ਿੰਦਗੀ ਵਿਚ ਬਹੁਤਾ ਦਖਲ ਬੱਚਿਆਂ ਨੂੰ ਬਜ਼ੁਰਗਾਂ ਤੋਂ ਦੂਰ ਕਰ ਦਿੰਦਾ ਹੈ ਅਤੇ ਦੋਵੇਂ ਹੀ ਸੰਤਾਪ

ਭੋਗਦੇ ਹਨ। ਇਸ ਹਾਲਤ ਵਿਚ ਸਭ ਤੋਂ ਵੱਧ ਸੰਤਾਪ ਘਰ ਦੇ ਛੋਟੇ ਬੱਚਿਆਂ ਨੂੰ ਭੋਗਣਾ ਪੈਂਦਾ ਹੈ। ਜਿਨ੍ਹਾਂ ਪ੍ਰਤੀ ਬਜ਼ੁਰਗਾਂ ਦਾ ਸਭ ਤੋਂ ਜ਼ਿਆਦਾ ਫਰਜ਼ ਹੁੰਦਾ ਹੈ। ਘਰ ਦੇ ਬਜ਼ੁਰਗਾਂ ਨੂੰ ਚਾਹੀਦਾ ਹੈ ਕਿ ਦੋਹਤੇ ਦੋਹਤਰੀਆਂ, ਪੋਤੇ ਪੋਤਰੀਆਂ ਨੂੰ ਗੋਦੀ ਵਿਚ ਲੈ ਕੇ ਚੰਗੀਆਂ ਗੱਲਾਂ ਸਿਖਾਉਣ। ਚੰਗੀਆਂ ਸਾਖੀਆਂ, ਕਹਾਣੀਆਂ ਅਤੇ ਕਵਿਤਾਵਾਂ ਰਾਹੀਂ ਉਨਾਂ ਦੇ ਅੰਦਰ ਜੀਵਨ ਪ੍ਰਤੀ ਨਰੋਈ ਸੂਝ ਪੈਦਾ ਕਰਨਾ। ਐਸਾ ਕਰਕੇ ਨਾਲ ਤਾਂ ਉਹ ਘਰ ਦੇ ਛੋਟੇ ਬੱਚਿਆਂ ਦਾ ਵੱਡਮੁੱਲਾ ਪਿਆਰ ਪਾ ਸਕਦੇ ਹਨ ਅਤੇ ਬੱਚੇ ਹਰ ਵੇਲੇ ਕੁਵੇਲੇ ਉਨ੍ਹਾਂ ਦੀਆਂ ਛੋਟੀਆਂ ਮੋਟੀਆਂ ਲੋੜਾਂ ਜਿਵੇਂ ਪਾਣੀ ਦੇਣਾ, ਖਾਣਾ ਦੇਣਾ, ਦਵਾਈ ਫੜਾ ਦੇਣੀ, ਕੱਪੜੇ ਕੱਢ ਦੇਣਾ, ਜੁੱਤੀ ਲੱਭ ਦੇਣਾ, ਜੋ ਕਿ ਬੁਢਾਪੇ ਵਿਚ ਪਹਾੜ ਵਰਗੀਆਂ ਲਗਦੀਆਂ ਹਨ, ਨੂੰ ਪੂਰੀਆਂ ਕਰਨ ਲਈ ਸਦਾ ਤਤਪਰ, ਰਹਿੰਦੇ ਹਨ। ਬਜ਼ੁਰਗਾਂ ਨੂੰ ਸਮਝਣਾ ਚਾਹੀਦਾ ਹੈ ਕਿ ਅਗਰ ਥੋੜ੍ਹੇ ਜਿਹੇ ਲਾਡ ਨਾਲ ਬੱਚਿਆਂ ਦਾ ਪਿਆਰ ਇਤਨਾ ਨਿਰਛਲ ਅਤੇ ਨਿੱਘਾ ਮਿਲਦਾ ਹੋਵੇ ਤਾਂ ਕਿਸੇ ਵੀ ਕੀਮਤ ਤੇ ਇਸ ਨੂੰ ਵਧਾਉਂਦੇ ਜਾਣਾ ਸਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ।

ਅੰਤ ਵਿਚ ਅਸੀਂ ਇਹ ਸਮਝ ਸਕਦੇ ਹਾਂ ਕਿ ਪਰਿਵਾਰ ਵਿਚ ਅਸੀਂ ਸਾਰੇ ਹੀ ਅੰਤਰ ਨਿਰਭਰ ਹੁੰਦੇ ਹਾਂ। ਸਾਨੂੰ ਸਭ ਨੂੰ ਹੀ ਆਪਣੇ ਫਰਜ਼ਾਂ ਨੂੰ ਪਛਾਣ ਕੇ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਗਰ ਅਸੀਂ ਤਨਦੇਹੀ ਨਾਲ ਫਰਜ਼ ਪੂਰੇ ਕਰਦੇ ਹਾਂ ਤਾਂ ਹੱਕ ਖੁੱਦ-ਬ-ਖੁੱਦ ਸਾਡੀ ਝੋਲੀ ਆ ਪੈਂਦੇ ਹਨ। ਇਸ ਲਈ ਸਭ ਤੋਂ ਵੱਡੀ ਜ਼ਰੂਰਤ ਪਰਿਵਾਰ ਪ੍ਰਤੀ ਆਪਣੇ ਫਰਜ਼ਾਂ ਨੂੰ ਪੂਰਾ ਕਰਨ ਵਿਚ ਹੈ। ਨਾ ਕਿ ਸਿਰਫ ਹੱਕਾਂ ਦੀ ਦੁਹਾਈ ਦੇਣ ਵਿਚ। ਪਰਿਵਾਰ ਦਾ ਹਰ ਇਕ ਜੀ ਅਗਰ ਤਿੰਨ ਅਨਮੋਲ ਸ਼ਬਦਾਂ ਨੂੰ ਅਪਣਾ ਲਵੇ। ਇਹ ਤਿੰਨ ਸ਼ਬਦ ਅੱਜ ਦੇ ਸਭਿਅਕ ਸਮਾਜ ਦੀ ਜ਼ਰੂਰਤ ਬਣ ਚੁੱਕੇ ਹਨ ਪਰ ਚਾਰ ਸੌ ਸਾਲ ਪਹਿਲਾਂ ਗੁਰੂ ਅਮਰਦਾਸ ਜੀ ਨੇ ਪਰਿਵਾਰਕ ਜੀਵਨ ਵਿਚ ਇਨ੍ਹਾਂ ਤਿੰਨਾਂ ਸ਼ਬਦਾਂ ਦੀ ਮਹੱਤਤਾ ਨੂੰ ਬਖੂਬੀ ਸਮਝਦਿਆਂ ਉਦੋਂ ਵੀ ਸਾਨੂੰ ਸਮਝਾਏ ਸਨ :-

ਭ-ਭੁੱਲੀ ਜੀ: Sorry, ਭ-ਭਲਾ ਜੀ: All Right, ਭ-ਭਾਣਾ ਜੀ: Thanks

ਪਰ ਇਹ ਤਿੰਨੇ ਸ਼ਬਦ ਸਾਡੇ ਧੁਰ ਅੰਦਰੋਂ ਤਾਂ ਹੀ ਨਿਕਲ ਸਕਦੇ ਹਨ ਜੇ ਅਸੀਂ ਸਭ ਦੇ ਅੰਦਰ ਉਸ ਪਰਮਾਤਮਾ ਦੀ ਜਾਤ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰੀਏ ਗੁਰਬਾਣੀ ਦਾ ਫੁਰਮਾਣ ਹੈ :

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਸੋ ਵੱਡੇ ਛੋਟੇ ਦੇ ਨਿੱਜੀ ਹੰਕਾਰ ਤੋਂ ਉਠ ਕੇ ਇਕ ਦੂਜੇ ਲਈ ਆਪਾ ਵਾਰੂ ਭਾਵਨਾਵਾਂ ਨਾਲ ਵਿਚਰਨਾ ਸਾਡੇ ਪਰਿਵਾਰਾਂ ਨੂੰ ਆਦਰਸ਼ਕ ਬਣਾ ਸਕਦਾ ਹੈ। ਪਰ ਇਹ ਸਭ ਕੁਝ ਸੰਭਵ ਤਾਂ ਹੀ ਹੈ, ਜੇ ਸਾਰੇ ਪਰਿਵਾਰ ਦੇ ਜੀਅ ਇਸ ਤੇ ਅਮਲ ਕਰਨ, ਲੇਕਿਨ ਅਗਰ ਅਸੀਂ ਸਿਰਫ ਪਰਿਵਾਰ ਦੇ ਕਿਸੇ ਵੀ ਇਕ ਜੀਅ ਤੋਂ ਹੀ ਸਮਰਪਣ ਦੀ ਉਮੀਦ ਰਖਦੇ ਰਹੀਏ ਤਾਂ ਕਲੇਸ਼ ਬਰਕਰਾਰ ਹੀ ਰਹਿਣਗੇ, ਕਿਉਂਕਿ ਇਕ ਇਕਲਾ ਇਨਸਾਨ

ਕਿਤਨਾ ਵੀ ਚੰਗਾ ਕਿਉਂ ਨਾ ਬਣ ਜਾਏ, ਉਹ ਪੂਰੇ ਪਰਿਵਾਰ ਨੂੰ ਨਹੀਂ ਸੰਵਾਰ ਸਕਦਾ ਸਭ ਨੂੰ ਹੀ ਆਪਣੇ ਆਪਣੇ ਫਰਜ਼ਾਂ ਨੂੰ ਸਮਝ ਕੇ ਇਕ ਦੂਜੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

–0–

ਪ੍ਰਸ਼ਨ ਪੱਤਰ ਪਾਠ ਨੰ. 6

1. ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਉ?

2. ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹਕੂਮਤ ਨਾਲ ਹੋਏ ਜੰਗਾਂ ਦੇ ਕਾਰਣ ਅਤੇ ਪ੍ਰਭਾਵ ਦਿਉ?

3. ਸੰਖੇਪ ਨੋਟ ਲਿਖੋ?

(ੳ) ਜਹਾਂਗੀਰ ਦੇ ਦਿੱਤੇ ਹੁਕਮ ਲਾਗੂ ਕਿਉਂ ਨਾ ਹੋ ਸਕੇ?

(ਅ) ਉਦਾਸੀ ਸੰਪ੍ਰਦਾ ਗੁਰੂ ਘਰ ਵਿਚ ਕਿਵੇਂ ਵਿਲੀਨ ਹੋਈ?

(ਇ) ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਅਤੇ ਲੋੜ ਦੱਸੋ?

4. ਬੀਬੀ ਵੀਰੋ ਜੀ ਦੀ ਸਿੱਖ ਕੌਮ ਨੂੰ ਕੀ ਦੇਣ ਹੈ?

5. ਹਰ ਸਾਖੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਦਿਉ ਅਤੇ ਇਸ ਤੋਂ ਮਿਲਣ ਵਾਲੀ ਸਿੱਖਿਆ ਦੱਸੋ?

6. ਭਾਈ ਮਨੀ ਸਿੰਘ ਜੀ ਦਾ ਸਿੱਖ ਇਤਿਹਾਸ ਵਿਚ ਪ੍ਰਚਾਰਕ, ਜਰਨੈਲ, ਪ੍ਰਬੰਧਕ, ਸਮਰਪਿਤ ਸਿੱਖ ਅਤੇ ਸ਼ਹੀਦ ਵਜੋਂ ਕੀ ਰੋਲ ਹੈ?

7. ਅਜੋਕੇ ਸਮੇਂ ਅੰਦਰ ਨੌਜਵਾਨ ਪੀੜ੍ਹੀ ਨੂੰ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਜੀ ਤੋਂ ਕੀ ਪ੍ਰੇਰਣਾ ਮਿਲਦੀ ਹੈ?

8. ਸਿੱਖ ਧਰਮ ਅਨੁਸਾਰ ਜੀਵਨ ਦਾ ਮਨੋਰਥ ਕੀ ਹੈ ਅਤੇ ਇਹ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ?

9. ਗੁਰਮਤਿ ਅਨੁਸਾਰ ਪੀਰੀ-ਮੀਰੀ ਦੇ ਸਿਧਾਂਤ ਦੀ ਕੀ ਮਹਾਨਤਾ ਹੈ?

10. ਹਰੇਕ ਸ਼ਬਦ ਵਿਚ ਆਏ ਪ੍ਰਮੁੱਖ ਸਿਧਾਤਾਂ ਅਤੇ ਗੁਰਉਪਦੇਸ਼ਾਂ ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ।

11. ਪਰਿਵਾਰ ਦੇ ਹਰ ਮੈਂਬਰ ਦੀਆਂ ਜ਼ਿੰਮੇਵਾਰੀਆਂ ਉੱਤੇ ਵਿਸਥਾਰ ਨਾਲ ਨੋਟ ਲਿਖੋ।

–0–